MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ

WEEKLY NEWSPAPER VOL. : 09 ISSUE : 24 SATURDAY, 12 JUNE, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## ਅੰਤਰਰਾਸ਼ਟਰੀ ਸੈਲਾਨੀਆਂ ਨੂੰ ਕੈਨੇਡਾ ਆਉਣ ਦੀ ਯੋਜਨਾ 'ਤੇ ਵਿਚਾਰ-ਟਰੂਡੋ



ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਫੈਡਰਲ ਸਰਕਾਰ ਅੰਤਰਰਾਸ਼ਟਰੀ ਸੈਲਾਨੀਆਂ ਦਾ ਸਵਾਗਤ ਕਰਨ ਲਈ ਪੜਾਅਵਾਰ ਪਹੁੰਚ ਅਪਨਾਉਣ 'ਤੇ ਵਿਚਾਰ ਕਰ ਰਹੀ ਹੈ ਕਿਉਂਕਿ ਮਹਾਂਮਾਰੀ ਪਾਬੰਦੀਆਂ ਨਰਮ ਹੋ ਗਈਆਂ ਹਨ ਅਤੇ ਫੈਸਲਾ ਲੈਣ ਦੇ ਹਿੱਸੇ ਵਜੋਂ ਵਿਸ਼ਵ ਪੱਧਰ 'ਤੇ ਮਾਮਲਿਆਂ ਦੀ ਗਿਣਤੀ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਫੈਡਰਲ ਅਧਿਕਾਰੀਆਂ (ਬਾਕੀ ਸਫ਼ਾ 9 'ਤੇ)

## ਲੰਡਨ, ਓਨਟਾਰੀਓ ਵਿਚ ਮੁਸਲਿਮ ਪਰਿਵਾਰ ਦੇ ਪੰਜ ਜੀਅ ਸਿਰਫਿਰੇ ਨੇ ਟਰੱਕ ਹੇਠ ਕੁਚਲੇ

ਟੋਰਾਂਟੋ-ਓਨਟਾਰੀਓ ਦੇ ਸ਼ਹਿਰ ਲੰਡਨ ਦੇ ਮੇਅਰ ਨੇ ਕਿਹਾ ਕਿ ਮੁਸਲਮਾਨ ਪਰਿਵਾਰ ਦੇ ਪੰਜ ਮੈਂਬਰਾਂ ਨੂੰ ਇਕ ਡਰਾਈਵਰ ਵਲੋਂ ਕੁਚਲਨਾ ਸਮੂਹਿਕ ਕਤਲ ਦੀ ਕਾਰਵਾਈ ਹੈ। ਐਤਵਾਰ ਸ਼ਾਮ ਨੂੰ ਵਾਪਰੀ ਘਟਨਾ ਵਿਚ ਚਾਰ ਵਿਅਕਤੀ ਮਾਰੇ ਗਏ ਸਨ ਅਤੇ ਇਕ ਲੜਕਾ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ। ਮੇਅਰ ਐਡ ਹੋਲਡਰ ਨੇ ਕਿਹਾ ਕਿ ਇਹ ਮੁਸਲਮਾਨਾਂ ਤੇ ਲੰਡਨ ਵਾਸੀਆਂ ਖਿਲਾਫ ਰਚੀ ਸਮੂਹਿਕ ਕਤਲੇਆਮ ਦੀ ਕਾਰਵਾਈ ਸੀ। 20 ਸਾਲਾ ਦੋਸ਼ੀ ਵਿਅਕਤੀ 7 ਕਿਲੋਮੀਟਰ ਦੂਰ ਮਾਲ ਦੀ ਪਾਰਕਿੰਗ ਵਿਚੋਂ ਗ੍ਰਿਫ਼ਤਾਰ ਕਰ ਲਿਆ ਹੈ। ਉਹ ਹੁਣ ਚਾਰ ਫਸਟ ਡਿਗਰੀ ਕਤਲ ਅਤੇ ਇਕ ਇਰਾਦਾ ਕਤਲ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਪੁਲਿਸ ਚੀਫ਼ ਸਟੀਵ ਵਿਲੀਅਮਸ ਨੇ ਕਿਹਾ ਕਿ ਰਿਸ਼ਤੇਦਾਰਾਂ ਨੇ (ਬਾਕੀ ਸਫ਼ਾ 8 'ਤੇ)

# ਬੀ.ਸੀ. ਵਿਚ ਕਰੋਨਾ ਦਾ ਖ਼ਾਤਮਾ ਜਲਦ

### ਕੋਵਿਡ ਮਾਮਲੇ ਘਟਣ ਤੇ ਟੀਕਾਕਰਨ ਦੀ ਦਰ ਵਧਣ ਕਾਰਣ ਹਾਲਾਤ ਬਦਲੇ



ਵਿਕਟੋਰੀਆ-ਬੀਸੀ ਦੀ ਕੋਵਿਡ-19 ਮਹਾਂਮਾਰੀ ਆਪਣੇ ਖ਼ਾਤਮੇ ਵਲ ਨੂੰ ਵਧ ਰਹੀ ਹੈ। ਸੋਮਵਾਰ ਸੂਬੇ ਦੀ ਡਿਪਟੀ ਸਿਹਤ ਅਫਸਰ ਡਾ. ਰੇਕਾ ਨੇ ਰੋਜ਼ਾਨਾਂ ਆਉਣ ਵਾਲੇ ਮਾਮਲਿਆਂ, ਐਕਟਿਵ ਮਾਮਲਿਆਂ ਤੇ ਹਸਪਤਾਲਾਂ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਘਟਣ ਅਤੇ ਲੱਗਪਗ ਤਿੰਨ ਚੌਥਾਈ ਬਾਲਗ ਆਬਾਦੀ ਦਾ ਅੰਸ਼ਕ ਜਾਂ ਮੁਕੰਮਲ ਟੀਕਾਕਰਣ ਹੋਣ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜਨਤਕ ਸਿਹਤ ਵਿਭਾਗ ਛੇਤੀ ਹੀ ਮਹਾਂਮਾਰੀ ਤੋਂ ਬਾਹਰ ਵਧੇਰੇ ਰੁਟੀਨ ਵਾਲੀ ਪਹੁੰਚ ਬਦਲਣੀ ਸ਼ੁਰੂ ਕਰ ਦੇਵੇਗਾ। ਜਨਤਕ ਸਿਹਤ ਦੇ ਨਜ਼ਰੀਏ ਤੋਂ ਜਿੰਨਾ ਚਿਰ ਅਸੀਂ ਇਸ ਰਸਤੇ 'ਤੇ ਚਲਦੇ ਰਹਾਂਗੇ ਸਾਡਾ ਨਿਸ਼ਾਨਾ ਮਹਾਂਮਾਰੀ ਐਮਰਜੈਂਸੀ ਰਿਸਪਾਂਸ ਤੋਂ ਟਿਕਾਊ ਜਨਤਕ ਸਿਹਤ ਪ੍ਰਬੰਧਨ ਵੱਲ ਤਬਦੀਲ ਕਰਨ 'ਤੇ ਰਹੇਗਾ। ਗੁਸਤਾਫਸਨ ਨੇ ਕਿਹਾ ਕਿ ਆਬਾਦੀ ਦੇ ਟੀਕਾਕਰਣ ਨਾਲ ਕੋਵਿਡ-19 ਹੋਰ ਬਿਮਾਰੀਆਂ ਵਾਂਗ ਪ੍ਰਬੰਧ ਕਰਨਯੋਗ ਕਮਿਊਨੀਕੇਬਲ ਬਿਮਾਰੀ ਬਣ ਜਾਵੇਗੀ ਜਿਸ ਲਈ ਲੋਕਾਂ ਨੂੰ ਨਿਯਮਤ ਰੂਪ ਵਿਚ ਟੀਕਾ ਲਗਾਇਆ ਜਾਂਦਾ ਹੈ। ਡਾ ਰੇਕਾ ਨੇ ਦੱਸਿਆ ਕਿ ਆਸ ਮੁਤਾਬਿਕ ਸਥਿਤੀ ਵਿਚ ਸੁਧਾਰ ਅਤੇ ਉੱਚ ਟੀਕਾਕਰਣ ਦਰ ਦੇ ਆਧਾਰ 'ਤੇ ਹੋਰ ਕੋਵਿਡ-19 ਪਾਬੰਦੀਆਂ ਅਗਲੇ ਮੰਗਲਵਾਰ ਨਰਮ ਕੀਤੀਆਂ ਜਾਣਗੀਆਂ। ਬੀਸੀ ਨੂੰ ਮੁੜ ਸ਼ੁਰੂ ਕਰਨ ਦੀ ਯੋਜਨਾ ਦੇ ਕਦਮ 2 ਲਈ 15 ਜੂਨ ਪਹਿਲਾਂ ਤਹਿ ਕੀਤੀ ਤਾਰੀਕ ਹੈ ਜਿਸ ਵਿਚ 50 ਵਿਅਕਤੀਆਂ ਤਕ ਇਕੱਠ ਕਰਨ, ਅੰਤਰ ਸੂਬਾ ਯਾਤਰਾ, ਅਲਕੋਹਲ ਦੀ ਵਿਕਰੀ ਅੱਧੀ ਰਾਤ ਤਕ ਅਤੇ ਇਨਡੋਰ ਗੇਮਾਂ ਦੀ ਇਜਾਜ਼ਤ ਹੋਵੇਗੀ। ਇਕ ਜੁਲਾਈ ਤੋਂ ਨਾਈਟ ਕਲੱਬ ਮੁੜ ਖੋਲ੍ਹੇ ਜਾ ਸਕਣਗੇ , ਸਾਰੀਆਂ ਫਿਟਨਸ ਕਲਾਸਾਂ ਪੂਰੀ ਸਮਰਥਾ ਨਾਲ ਖੋਲ੍ਹੀਆਂ ਜਾ ਸਕਣਗੀਆਂ ਅਤੇ ਅੰਤਰਸੂਬਾ ਯਾਤਰਾ ਦਾ ਸਮਰਥਨ ਕੀਤਾ ਜਾਵੇਗਾ। 7 ਸਤੰਬਰ ਤੋਂ ਪਾਬੰਦੀਆਂ ਹਟਾਉਣ ਦਾ ਆਖਰੀ ਦੌਰ ਹੋਵੇਗਾ। ਉਸ ਸਮੇਂ ਬੀਸੀ ਵਿਚ ਮਹਾਂਮਾਰੀ ਖਤਮ ਕੀਤੇ ਜਾਣ ਦਾ ਐਲਾਨ ਕਰਨ ਦੀ ਸੰਭਾਵਨਾ ਹੈ।

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM
TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Develeopment
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 24 SATURDAY, 12 JUNE, 2021
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Punjabi Link Radio
App Store
Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12.00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਯੋਗ ਗੁਰੂ ਰਾਮਦੇਵ ਖ਼ਿਲਾਫ਼ ਕੇਸ ਦਰਜ

## ਡਾਕਟਰੀ ਕਿੱਤੇ ਦਾ ਮਜ਼ਾਕ ਉਡਾਉਣ ਲਈ ਸਖ਼ਤ ਕਾਰਵਾਈ ਦੀ ਮੰਗ

ਪਟਨਾ-ਯੋਗ ਗੁਰੂ ਰਾਮਦੇਵ ਦੇ ਐਲੋਪੈਥੀ ਬਾਰੇ ਦਿੱਤੇ ਬਿਆਨ ਤੋਂ ਬਾਅਦ ਯੋਗ ਗੁਰੂ ਰਾਮਦੇਵ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਪਟਨਾ ਦੇ ਥਾਣੇ ਵਿਚ ਰਾਮਦੇਵ ਦੇ ਐਲੋਪੈਥੀ ਬਾਰੇ ਇਤਰਾਜ਼ਯੋਗ ਬਿਆਨ ਦੇਣ ਖਿਲਾਫ ਕੇਸ ਦਰਜ ਕਰਵਾਇਆ ਹੈ। ਉਨ੍ਹਾਂ ਸਰਕਾਰ ਤੋਂ ਸਖਤ ਕਾਰਵਾਈ ਵੀ ਮੰਗੀ ਹੈ। ਉਨ੍ਹਾਂ ਕਿਹਾ ਕਿ ਕਰੋਨਾ ਦੌਰ ਵਿਚ ਐਲੋਪੈਥੀ ਜ਼ਰੀਏ ਡਾਕਟਰਾਂ ਨੇ ਵੱਡੀ ਗਿਣਤੀ ਮਰੀਜ਼ਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ ਹੈ ਪਰ ਅਜਿਹੇ ਸਮੇਂ ਰਾਮਦੇਵ ਤੇ ਉਸ ਦੇ ਸਾਥੀ ਲੋਕਾਂ ਵਿਚ ਡਰ ਤੇ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਡਾਕਟਰੀ ਪ੍ਰਣਾਲੀ ਦਾ ਮਜ਼ਾਕ ਉਡਾ ਰਹੇ ਹਨ ਜਿਨ੍ਹਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।



### ਰਾਮਦੇਵ ਨੇ ਕੋਵਿਡ ਟੀਕਾ ਲਗਵਾਉਣ ਦਾ ਕੀਤਾ ਐਲਾਨ

ਹਰਿਦੁਆਰ-ਕੋਵਿਡ ਟੀਕਾਕਰਨ ਮੁਹਿਮ ਦੇ ਨਵੇਂ ਐਲਾਨਾਂ ਅਤੇ ਸਾਰੇ ਸਰਕਾਰੀ ਹਸਪਤਾਲਾਂ 'ਚ 21 ਜੂਨ ਤੋਂ ਲੋਕਾਂ ਨੂੰ ਕੋਵਿਡ ਤੋਂ ਬਚਾਅ ਦੇ ਮੁਫ਼ਤ 'ਚ ਟੀਕੇ ਲਾਏ ਜਾਣ ਦੇ ਐਲਾਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਯੋਗ ਗੁਰੂ ਰਾਮਦੇਵ ਨੇ ਲੋਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਵੀ ਟੀਕੇ ਲਗਵਾਉਣ। ਉਨ੍ਹਾਂ ਕਿਹਾ ਕਿ ਉਹ ਖੁਦ ਵੀ ਛੇਤੀ ਹੀ ਕਰੋਨਾ ਤੋਂ ਬਚਾਅ ਦਾ ਟੀਕਾ ਲਗਵਾਉਣਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰੋਗਾਂ ਤੋਂ ਬਚਾਅ ਅਤੇ ਕਰੋਨਾ ਕਾਰਨ ਹੋਣ ਵਾਲੀਆਂ ਮੌਤਾਂ ਰੋਕਣ ਲਈ ਯੋਗ ਅਤੇ ਆਯੁਰਵੈਦ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ (ਬਾਕੀ ਸਫ਼ਾ 19 'ਤੇ)

## ਖੜਗੇ ਕਮੇਟੀ ਨੇ ਪੰਜਾਬ ਕਾਂਗਰਸ ਬਾਰੇ ਰਿਪੋਰਟ ਸੋਨੀਆ ਗਾਂਧੀ ਨੂੰ ਸੌਂਪੀ

ਨਵੀਂ ਦਿੱਲੀ-ਕਾਂਗਰਸ ਦੀ ਪੰਜਾਬ ਇਕਾਈ ਵਿੱਚ ਚੱਲ ਰਹੀ ਖਾਨਾਜੰਗੀ ਨੂੰ ਖਤਮ ਕਰਨ ਲਈ ਬਣਾਈ ਤਿੰਨ ਮੈਂਬਰੀ ਏਆਈਸੀਸੀ ਕਮੇਟੀ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਆਪਣੀ ਰਿਪੋਰਟ ਸੌਂਪ ਦਿੱਤੀ ਹੈ। ਪੰਜਾਬ ਵਿੱਚ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਤੇ ਰਾਜ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੱਧੂ ਵਿਚਾਲੇ ਆਪਸੀ ਲੜਾਈ ਦਾ ਖ਼ਮਿਆਜ਼ਾ ਪਾਰਟੀ ਨੂੰ ਚੋਣਾਂ ਵਿੱਚ ਭੁਗਤਣਾ ਪੈ ਸਕਦਾ ਹੈ। ਇਸ ਕਾਰਨ ਹਾਈ ਕਮਾਨ ਨੇ ਕਲੇਸ਼ ਖ਼ਤਮ ਕਰਨ ਲਈ ਮਲਿਕਾਰੁਜਨ ਖੜਗੇ, ਹਰੀਸ਼ ਰਾਵਤ ਤੇ ਜੀਪੀ ਅਗਰਵਾਲ ਦੀ ਤਿੰਨ ਮੈਂਬਰੀ ਕਮੇਟੀ ਬਣਾਈ ਸੀ। ਜਿਸ ਨੇ ਸਬੰਧ ਸਾਰੀਆਂ ਧਿਰਾਂ ਦੀ ਗੱਲਬਾਤ ਸੁਣਨ ਬਾਅਦ ਰਿਪੋਰਟ ਤਿਆਰ ਕੀਤੀ, ਜਿਹੜੀ ਅੱਜ ਸ੍ਰੀਮਤੀ ਗਾਂਧੀ ਨੂੰ ਸੌਂਪ ਦਿੱਤੀ ਗਈ।

## ਕੈਪਟਨ ਸਰਕਾਰ ਨੇ ਕੇਂਦਰ ਤੋਂ ਪ੍ਰਾਪਤ ਕੀਤੇ ਕੋਵੈਕਸੀਨ ਟੀਕੇ ਪ੍ਰਾਈਵੇਟ ਹਸਪਤਾਲਾਂ ਨੂੰ ਵੇਚੇ

• ਸੁਖਬੀਰ ਬਾਦਲ ਵੱਲੋਂ ਸਿਹਤ ਮੰਤਰੀ ਖਿਲਾਫ ਕੇਸ ਦਰਜ ਕਰਨ ਦੀ ਮੰਗ • ਪ੍ਰਤੀ ਟੀਕਾ 400 ਰੁਪਏ ਵਿਚ ਲੈਕੇ 1060 ਰੁਪਏ ਵਿਚ ਵੇਚਿਆ

ਨਵੀਂ ਦਿੱਲੀ (ਮਨਧੀਰ ਦਿਓਲ)- ਪੰਜਾਬ ਵਿਚ ਜਿਥੇ ਇਕ ਪਾਸੇ ਕੈਪਟਨ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਅੰਦਰੂਨੀ ਕਾਟੋ ਕਲੇਸ਼ ਦਾ ਸ਼ਿਕਾਰ ਹੈ ਤਾਂ ਇਸ ਦੌਰਾਨ ਭਾਜਪਾ ਦੇ ਕੇਂਦਰੀ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਕੈਪਟਨ ਸਰਕਾਰ ਉਪਰ ਕਰੋਨਾ ਤੋ ਬਚਾਅ ਲਈ ਭੇਜੇ ਕੋਵੈਕਸੀਨ ਟੀਕੇ ਪ੍ਰਾਈਵੇਟ ਹਸਪਤਾਲਾਂ ਨੂੰ ਵੇਚਣ ਦੇ ਦੋਸ਼ ਲਗਾਏ ਹਨ। ਉਹਨਾਂ ਇਕ ਬਿਆਨ ਰਾਹੀ ਕਿਹਾ ਹੈ ਕਿ ਕੈਪਟਨ ਸਰਕਾਰ ਨੇ ਕੋਵੈਕਸੀਨ ਦੀਆਂ 1,40,000 ਖ਼ੁਰਾਕਾਂ ਕੇਂਦਰ ਤੋਂ 400 ਰੁਪਏ 'ਚ ਖ਼ਰੀਦ ਕੇ ਅੱਗੇ 20 ਪ੍ਰਾਈਵੇਟ ਹਸਪਤਾਲਾਂ ਨੂੰ 1,060 ਰੁਪਏ ਪ੍ਰਤੀ ਖ਼ੁਰਾਕ ਦੇ ਹਿਸਾਬ ਨਾਲ ਵੇਚ ਦਿੱਤੀਆਂ ਹਨ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਪ੍ਰਕਾਸ਼ ਜਾਵੜੇਕਰ ਨੇ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਜਿਹਾ ਕਰਕੇ ਕਾਂਗਰਸ ਪਾਰਟੀ ਨੇ ਲੋਕਾਂ ਦੀਆਂ ਲੋੜਾਂ ਦਾ ਅਪਮਾਨ ਕਰਦਿਆਂ ਵੱਡਾ ਗੁਨਾਹ ਕੀਤਾ ਹੈ। (ਬਾਕੀ ਸਫ਼ਾ 19 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮੇਘਨ ਤੇ ਹੈਰੀ ਨੇ ਨਵੀਂ ਬੱਚੀ ਦਾ ਮਹਾਰਾਣੀ ਤੇ ਡਿਆਨਾ ਦੇ ਨਾਂਅ ’ਤੇ ਨਾਮ ਰੱਖਿਆ



ਲਾਸ ਏਂਜਲਸ-ਬਰਤਾਨੀਆ ਦੀ ਡਚੇਸ ਆਫ ਸੁਸੈਕਸ ਨੇ ਆਪਣੇ ਦੂਸਰੇ ਬੱਚੇ ਇਕ ਲੜਕੀ ਨੂੰ ਜਨਮ ਦਿੱਤਾ ਹੈ ਜਿਸ ਦਾ ਨਾਂਅ ਉਸ ਨੇ ਅਤੇ ਉਸ ਦੇ ਪਤੀ ਪ੍ਰਿੰਸ ਹੈਰੀ ਨੇ ਮਹਾਰਾਣੀ ਐਲਿਜ਼ਾਬੈਥ ਅਤੇ ਆਪਣੀ ਮਰਹੂਮ ਮਾਂ ਰਾਜਕੁਮਾਰੀ ਡਿਆਨਾ ਦੇ ਨਾਂਅ ’ਤੇ ਰੱਖਿਆ ਹੈ। ਲਿਲੀਬੇਟ ‘ਲਿਲੀ’ ਡਿਆਨਾ ਮਾਊਂਟਬੈਂਟਨ-ਵਿੰਡਸਰ ਦਾ ਜਨਮ ਕੈਲੀਫੋਰਨੀਆ ਵਿਚ ਸਾਂਤਾ ਬਰਬਰਾ ਕੌਟੇਜ ਹਸਪਤਾਲ ਵਿਖੇ ਹੈਰੀ ਦੀ ਮੌਜੂਦਗੀ ਵਿਚ ਹੋਇਆ। ਜੋੜੇ ਦੇ ਮੁਸ਼ਕਿਲ ਭਰੇ ਸਾਲ ਪਿੱਛੋਂ ਬੱਚੀ ਦਾ ਜਨਮ ਹੋਇਆ ਹੈ ਜਿਨ੍ਹਾਂ ਨੇ ਆਪਣੇ ਸ਼ਾਹੀ ਫਰਜ਼ਾਂ ਤੋਂ ਕਿਨਾਰਾ ਕਰ ਲਿਆ ਸੀ ਅਤੇ ਆਜ਼ਾਦ ਜ਼ਿੰਦਗੀ ਜਿਉਣ ਲਈ ਅਮਰੀਕਾ ਆ ਕੇ ਰਹਿਣ ਲੱਗ ਪਏ ਸਨ। ਹੈਰੀ ਤੇ ਮੇਘਨ ਨੇ ਇਕ ਬਿਆਨ ਵਿਚ ਕਿਹਾ ਕਿ 4 ਜੂਨ ਨੂੰ ਸਾਡੀ ਧੀ ਲਿਲੀ ਦਾ ਸਾਡੇ ਘਰ ਜਨਮ ਹੋਇਆ ਹੈ। ਉਹ ਸਾਡੀ ਕਲਪਣਾ ਤੋਂ ਵਧ ਕੇ ਹੈ ਅਤੇ ਅਸੀਂ ਵਿਸ਼ਵ ਭਰ ਦੇ ਪਿਆਰ ਤੇ ਪ੍ਰਾਰਥਨਾਵਾਂ ਲਈ ਸ਼ੁਕਰਗੁਜ਼ਾਰ ਹਾਂ।

### ਧੀ ਦੇ ਜਨਮ ਪਿੱਛੋਂ ਪ੍ਰਿੰਸ ਵਿਲੀਅਮ ਨੇ ਪ੍ਰਿੰਸ ਹੈਰੀ ਤੇ ਮੇਘਨ ਨੂੰ ਭੇਜਿਆ ਤੋਹਫਾ

ਲੰਡਨ-ਧੀ ਲਿਲੀ ਦੇ ਜਨਮ ਪਿੱਛੋਂ ਪ੍ਰਿੰਸ ਵਿਲੀਅਮ ਨੇ ਪ੍ਰਿੰਸ ਹੈਰੀ ਤੇ ਮੇਘਨ ਤਕ ਪਹੁੰਚ ਕੀਤੀ ਹੈ। ਕੇਨਸਿੰਗਟਨ ਰਾਇਲ ਅਧਿਕਾਰਤ ਅਕਾਊਂਟ ’ਤੇ ਟਵੀਟ ਪੋਸਟ ਕਰਦਿਆਂ ਲਿਖਿਆ ਕਿ ਅਸੀਂ ਸਾਰੇ ਬੱਚੀ ਲਿਲੀ ਦੇ ਜਨਮ ਦੀ ਖੁਸ਼ਖਬਰੀ ਤੋਂ ਖੁਸ਼ ਹਾਂ। ਹੈਰੀ, ਮੇਘਨ ਤੇ ਆਰਚੀ ਨੂੰ ਵਧਾਈਆਂ ਦਿੱਤੀਆਂ ਗਈਆਂ ਹਨ। ਰਿਪੋਰਟ ਮੁਤਾਬਿਕ ਪ੍ਰਿੰਸ ਵਿਲੀਅਮ ਤੇ ਡਚੇਸ ਆਫ ਕੈਂਬਰਿਜ ਕੈਥਰੀਨ ਨੇ ਪ੍ਰਿੰਸ ਹੈਰੀ ਤੇ ਮੇਘਨ ਨੂੰ ਉਨ੍ਹਾਂ ਦੀ ਨੰਨ੍ਹੀ ਧੀ ਲਿਲੀਬੇਟ ਲਈ ਇਕ ਤੋਹਫਾ ਭੇਜਿਆ ਹੈ। ਯੂਐਸ ਵੀਕਲੀ ਮੁਤਾਬਿਕ ਜੋੜੇ ਨੂੰ ਜਨਮ ਬਾਰੇ ਜਾਣਕਾਰੀ ਦਿੱਤੀ ਗਈ ਸੀ ਅਤੇ ਉਨ੍ਹਾਂ ਲਿਲੀਬੇਟ ਲਈ ਤੋਹਫਾ ਭੇਜਿਆ ਹੈ ਅਤੇ ਫਿਰ ਵਧਾਈਆਂ ਦਿੱਤੀਆਂ। ਡਿਊਕ ਤੇ ਡਚੇਸ ਨੇ ਸਵੀਕਾਰ ਕੀਤਾ ਕਿ ਉਹ ਇਹ ਖ਼ਬਰ ਸੁਣ ਕੇ ਖੁਸ਼ ਹੋਏ ਹਨ ਕਿ ਹੈਰੀ ਤੇ ਮੇਘਨ ਇਕ ਛੋਟੀ ਬੱਚੀ ਦੇ ਮਾਪੇ ਬਣ ਗਏ ਹਨ ਜਿਸ ਦਾ ਪੂਰਾ ਨਾਂਅ ਲਿਲੀਬੇਟ ‘ਲਿਲੀ’ ਡਿਆਨਾ ਮਾਊਂਟਬੈਂਟਨ-ਵਿੰਡਸਰ ਰੱਖਿਆ ਗਿਆ ਹੈ।

# ਫੌਚੀ ਨੇ ਚੀਨ ਨੂੰ ਵੂਹਾਨ ਲੈਬ ਦਾ ਮੈਡੀਕਲ ਰਿਕਾਰਡ ਜਾਰੀ ਕਰਨ ਲਈ ਕਿਹਾ



ਵਾਸ਼ਿੰਗਟਨ-ਅਮਰੀਕਾ ਦੇ ਲਾਗ ਰੋਗਾਂ ਬਾਰੇ ਚੋਟੀ ਦੇ ਮਾਹਿਰ ਡਾ. ਐਂਥਨੀ ਫੌਸੀ ਨੇ ਚੀਨ ਨੂੰ 9 ਵਿਅਕਤੀਆਂ ਦਾ ਮੈਡੀਕਲ ਰਿਕਾਰਡ ਜਾਰੀ ਕਰਨ ਦਾ ਸੱਦਾ ਦਿੱਤਾ ਹੈ ਜਿਨ੍ਹਾਂ ਦੀਆਂ ਬਿਮਾਰੀਆਂ ਸ਼ਾਇਦ ਇਹ ਅਹਿਮ ਸੁਰਾਗ ਮੁਹੱਈਆ ਕਰ ਸਕਣ ਕਿ ਕੀ ਕੋਵਿਡ-19 ਲੈਬ ਵਿਚੋਂ ਲੀਕ ਹੋਣ ਦੇ ਸਿੱਟੇ ਵਜੋਂ ਬਾਹਰ ਆਇਆ ਸੀ ਕਿ ਨਹੀਂ। ਫਾਈਨੈਂਸ਼ਲ ਟਾਈਮਜ਼ ਦੀ ਰਿਪੋਰਟ ਮੁਤਾਬਿਕ ਫੌਸੀ ਨੇ ਕਿਹਾ ਕਿ ਉਹ ਤਿੰਨ ਵਿਅਕਤੀਆਂ ਦਾ ਮੈਡੀਕਲ ਰਿਕਾਰਡ ਦੇਣਾ ਚਾਹੇਗਾ ਜਿਨ੍ਹਾਂ ਦੇ 2019 ਵਿਚ ਬਿਮਾਰ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ। ਕੀ ਉਹ ਸੱਚਮੁੱਚ ਬਿਮਾਰ ਹੋਏ ਸਨ ਅਤੇ ਜੇਕਰ ਹੋਏ ਸਨ ਤਾਂ ਉਹ ਕਿਸ ਚੀਜ਼ ਨਾਲ ਬਿਮਾਰ ਹੋਏ ਸਨ। ਵਾਇਰਸ ਦੀ ਉਤਪਤੀ ਬਾਰੇ ਇਹ ਰਿਪੋਰਟਾਂ ਹਨ ਕਿ ਕੋਵਿਡ-19 ਦੇ ਪਹਿਲੇ ਮਾਮਲੇ ਸਾਹਮਣੇ ਆਉਣ ਤੋਂ ਇਕ ਮਹੀਨਾ ਪਹਿਲਾਂ 2019 ਵਿਚ ਵੂਹਾਨ ਵਿਚ ਚੀਨ ਦੀ ਵਿਰੋਲੋਜੀ ਲੈਬੋਰੇਟਰੀ ਵਿਖੇ ਵਿਗਿਆਨੀ ਗੰਭੀਰ ਰੂਪ ਵਿਚ ਬਿਮਾਰ ਹੋ ਗਏ ਸਨ। ਪਰ ਚੀਨੀ ਵਿਗਿਆਨੀ ਤੇ ਅਧਿਕਾਰੀ ਲਗਾਤਾਰ ਲੈਬ ਵਿਚੋਂ ਵਾਇਰਸ ਲੀਕ ਹੋਣ ਦੇ ਅਨੁਮਾਨਾਂ ਨੂੰ ਖਾਰਜ ਕਰਦੇ ਹੋਏ ਕਹਿ ਰਹੇ ਹਨ ਕਿ ਵਾਇਰਸ ਵੂਹਾਨ ਵਿਚ ਆਉਣ ਤੋਂ ਪਹਿਲਾਂ ਦੂਸਰੇ ਖੇਤਰਾਂ ਵਿਚ ਘੁੰਮਦਾ ਹੋ ਸਕਦਾ ਹੈ ਅਤੇ ਚੀਨ ਵਿਚ ਸ਼ਾਇਦ ਫ੍ਰੋਜ਼ਨ ਖਾਣੇ ਦੀ ਦਰਾਮਦ ਜਾਂ ਜੰਗਲੀ ਜੀਵਾਂ ਦੇ ਵਪਾਰ ਨਾਲ ਦਾਖਲ ਹੋਇਆ ਸੀ।

# ਬਰਨਬੀ ਕਲੱਬ ’ਚ ਕਤਲ ਕਰਨ ਵਾਲੇ ਨੂੰ ਉਮਰ ਕੈਦ ਦੀ ਸਜ਼ਾ

ਵਿਕਟੋਰੀਆ-ਬਰਨਬੀ ਕਰਾਓਕੇ ਕਲੱਬ ਵਿਚ ਜੂਨ ਕਵਾਨ ਕਿਮ ਦਾ ਸੈਕਿੰਡ ਡਿਗਰੀ ਕਤਲ ਕਰਨ ਬਦਲੇ 40 ਸਾਲਾ ਲਾਇਡ ਜੇ ਸੋ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਹ 10 ਸਾਲ ਸਜ਼ਾ ਭੁਗਤਣ ਤੋਂ ਪਹਿਲਾਂ ਪੈਰੋਲ ’ਤੇ ਜ਼ੇਲ੍ਹ ਤੋਂ ਬਾਹਰ ਨਹੀਂ ਆ ਸਕੇਗਾ। ਅਪ੍ਰੈਲ ਮਹੀਨੇ ਬੀਸੀ ਸੁਪਰੀਮ ਕੋਰਟ ਜਸਟਿਸ ਜੇਨਾਈਸ ਡਿਲਨ ਨੇ 18 ਸਤੰਬਰ 2017 ਨੂੰ ਕਿਮ ਦੇ ਕਤਲ ਲਈ ਸੋ ਨੂੰ ਦੋਸ਼ੀ ਪਾਇਆ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਰੁਝੇ ਰਹਿਣ ਵਾਲੀ ਕਰਾਓਕੇ ਬਾਰ ਵਿਚ ਜਦੋਂ ਕਿਮ ਤੇ ਉਸ ਦੇ ਦੋਸਤਾਂ ਨੇ ਸੋ ਨੂੰ ਉਨ੍ਹਾਂ ਦਾ ਮੇਜ਼ ਛੱਡਣ ਲਈ ਕਿਹਾ ਕਿ ਤਾਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨਾਲ ਝਗੜਨਾ ਸ਼ੁਰੂ ਕਰ ਦਿੱਤਾ। ਉਸ ਨੇ ਤੁਰੰਤ ਅੰਦਰ ਰਸੋਈ ਵਿਚ ਜਾ ਕੇ ਕਰਦ ਲਿਆਂਦੀ ਅਤੇ ਕਿਮ ਦੇ ਮਾਰਨੀ ਸ਼ੁਰੂ ਕਰ ਦਿੱਤੀ। ਪੀੜਤ ਦੂਸਰੇ ਕਮਰੇ ਵੱਲ ਭੱਜਾ ਪਰ ਸੋ ਨੇ ਉਸ ਦਾ ਪਿੱਛਾ ਕਰਕੇ ਉਸ ਦੇ ਚਾਕੂ ਦੇ ਵਾਰ ਕਰਨੇ ਜਾਰੀ ਰੱਖੇ ਜਿਸ ਪਿੱਛੋਂ ਉਹ ਕਿਮ ਨੂੰ ਖੂਨ ਦੇ ਛੱਪੜ ਵਿਚ ਛੱਡ ਕੇ ਤੁਰਦਾ ਬਣਿਆਂ। ਦੋਸ਼ੀ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਦਾਅਵਾ ਕੀਤਾ ਕਿ ਘਟਨਾ ਸਮੇਂ ਉਸ ਦੀ ਮਾਨਸਿਕ ਸਥਿਤੀ ਠੀਕ ਨਹੀਂ ਸੀ ਪਰ ਜੱਜ ਨੇ ਦਾਅਵਿਆਂ ਨੂੰ ਰੱਦ ਕਰਦਿਆਂ ਪਾਇਆ ਕਿ ਉਸ ਦਾ ਕਤਲ ਕਰਨ ਦਾ ਇਰਾਦਾ ਸੀ। ਸੈਕਿੰਡ ਡਿਗਰੀ ਕਤਲ ਵਿਚ ਪੈਰੋਲ ਲਈ ਘੱਟੋ ਘੱਟ 10 ਸਾਲ ਅਤੇ ਵੱਧ ਤੋਂ ਵੱਧ 25 ਸਾਲ ਸਜ਼ਾ ਕੱਟਣੀ ਪੈਂਦੀ ਹੈ।

# ਨੌਰਥ ਵੈਨਕੂਵਰ ਦੇ ਆਰਸੀਐਮਪੀ ਅਫਸਰ ਗਾਲਿਬ ਭਿਆਨੀ ਚੀਫ ਸੁਪਰਡੈਂਟ ਬਣੇ

ਵੈਨਕੂਵਰ-ਨੌਰਥ ਵੈਨਕੂਵਰ ਆਰਸੀਐਮਪੀ ਡਿਟੈਚਮੈਂਟ ਆਪਣਾ ਅਫਸਰ ਇਨਚਾਰਜ ਖੋਹ ਰਹੀ ਹੈ। ਸੁਪਰਡੈਂਟ ਗਾਲਿਬ ਭਿਯਾਨੀ ਨੂੰ ਆਰਸੀਐਮਪੀ ਲੋਅਰ ਮੇਨਲੈਂਡ ਡਿਸਟ੍ਰਿਕਟ ਲਈ ਤਰੱਕੀ ਦੇ ਕੇ ਚੀਫ਼ ਸੁਪਰਡੈਂਟ ਬਣਾਇਆ ਗਿਆ ਹੈ ਅਤੇ ਉਹ 28 ਕਮਿਊਨਿਟੀਸ ਤੇ 14 ਡਿਟੈਚਮੈਂਟਸ ਦੀ ਨਿਗਰਾਨੀ ਕਰਦਿਆਂ ਸਹਾਇਕ ਡਿਸਟ੍ਰਿਕਟ ਕਮਾਂਡਰ ਤੇ ਆਪਰੇਸ਼ਨ ਅਫਸਰ ਵਜੋਂ ਸੇਵਾ ਨਿਭਾਉਣਗੇ।









# ਮੁੰਬਈ 'ਚ ਤਿੰਨ ਮੰਜ਼ਿਲਾ ਇਮਾਰਤ ਡਿੱਗਣ ਨਾਲ 11 ਹਲਾਕ



ਮੁੰਬਈ-ਇਥੇ ਮਾਲਵਾਨੀ ਇਲਾਕੇ 'ਚ ਤਿੰਨ ਮੰਜ਼ਿਲਾ ਇਮਾਰਤ ਦੀਆਂ ਦੋ ਮੰਜ਼ਿਲਾਂ ਡਿੱਗਣ ਕਾਰਨ ਅੱਠ ਬੱਚਿਆਂ ਸਮੇਤ 11 ਵਿਅਕਤੀ ਹਲਾਕ ਹੋ ਗਏ। ਹਾਦਸੇ 'ਚ ਸੱਤ ਹੋਰ ਵਿਅਕਤੀ ਜ਼ਖ਼ਮੀ ਹੋਏ ਹਨ ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਹੈ। ਹਾਦਸਾ ਬੁੱਧਵਾਰ ਰਾਤ ਕਰੀਬ ਸਵਾ 11 ਵਜੇ ਅਬਦੁੱਲ ਹਮੀਦ ਰੋਡ ਦੇ ਨਿਊ ਕੁਲੈਕਟਰ ਕੰਪਾਊਂਡ 'ਚ ਵਾਪਰਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ 'ਤੇ ਅਫ਼ਸੋਸ ਕਰਦਿਆਂ ਮ੍ਰਿਤਕਾਂ ਦੇ ਵਾਰਸਾਂ ਨੂੰ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ 'ਚੋਂ 2-2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦਿੱਤੇ ਜਾਣਗੇ। ਮੁੱਖ ਮੰਤਰੀ ਊਧਵ ਠਾਕਰੇ ਨੇ ਵੀ ਹਾਦਸੇ ਵਿੱਚ ਜਾਨ ਗੁਆਉਣ ਵਾਲਿਆਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਤੇ ਜ਼ਖ਼ਮੀਆਂ ਦੇ ਇਲਾਜ ਦਾ ਖਰਚਾ ਚੁੱਕਣ ਦਾ ਐਲਾਨ ਕੀਤਾ ਹੈ। ਪੁਲੀਸ ਮੁਤਾਬਕ ਇਮਾਰਤ ਗੈਰਕਾਨੂੰਨੀ ਢੰਗ ਨਾਲ ਉਸਾਰੀ ਗਈ ਸੀ ਅਤੇ ਹਾਦਸੇ ਮਗਰੋਂ ਠੇਕੇਦਾਰ ਨੂੰ ਹਿਰਾਸਤ 'ਚ ਲੈ ਕੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਪੁਲੀਸ ਨੇ ਠੇਕੇਦਾਰ ਅਤੇ ਮਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਸ਼ਹਿਰ ਦੀ ਪੀ-ਨੌਰਥ ਵਾਰਡ ਦੇ ਅਧਿਕਾਰੀ ਸੰਤੋਸ਼ ਧੋਂਦੇ ਨੇ ਕਿਹਾ ਕਿ ਇਮਾਰਤ ਦੀ ਦੂਜੀ ਅਤੇ ਤੀਜੀ ਮੰਜ਼ਿਲ ਨਾਲ ਬਣੇ ਘਰ ਉਪਰ ਡਿੱਗ ਗਈ। ਬੀਐੱਮਸੀ ਅਧਿਕਾਰੀ ਨੇ ਕਿਹਾ ਕਿ ਹਾਦਸੇ ਮਗਰੋਂ ਫਾਇਰ ਬ੍ਰਿਗੇਡ ਅਤੇ ਹੋਰ ਏਜੰਸੀਆਂ ਮੌਕੇ 'ਤੇ ਪਹੁੰਚੀਆਂ ਅਤੇ ਉਨ੍ਹਾਂ ਖੋਜ ਅਤੇ ਬਚਾਅ ਕਾਰਜ ਆਰੰਭੇ। ਸੰਯੁਕਤ ਕਮਿਸ਼ਨਰ ਆਫ਼ ਪੁਲੀਸ ਵਿਸ਼ਵਾਸ ਨਾਂਗਰੇ ਪਾਟਿਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਮਾਰਤ ਗੈਰਕਾਨੂੰਨੀ ਢੰਗ ਨਾਲ ਉਸਾਰੀ ਗਈ ਸੀ ਅਤੇ ਇਸ ਦੇ ਢਾਂਚੇ 'ਚ ਕਈ ਖਾਮੀਆਂ ਸਨ। ਪਿਛਲੇ ਮਹੀਨੇ ਚੱਕਰਵਾਤੀ ਤੂਫ਼ਾਨ ਤਾਊਤੇ ਦੌਰਾਨ ਵੀ ਇਮਾਰਤ ਨੂੰ ਕੁਝ ਨੁਕਸਾਨ ਪਹੁੰਚਿਆ ਸੀ ਅਤੇ ਜੇਕਰ ਕੁਝ ਇਹਤਿਆਤੀ ਕਦਮ ਚੁੱਕੇ ਹੁੰਦੇ ਤਾਂ ਹਾਦਸੇ ਤੋਂ ਬਚਾਅ ਹੋ ਸਕਦਾ ਸੀ।

# ਮੈਂਬਰ ਪਾਰਲੀਮੈਂਟ ਨਵਨੀਤ ਕੌਰ ਰਾਣਾ ਦਾ ਜਾਤੀ ਸਰਟੀਫਿਕੇਟ ਰੱਦ

## ਝੂਠਾ ਸਰਟੀਫਿਕੇਟ ਬਣਾਕੇ ਰਿਜ਼ਰਵ ਸੀਟ ਅਮਰਾਵਤੀ ਤੋਂ ਲੜੀ ਸੀ ਚੋਣ



ਮੁੰਬਈ-ਬੰਬੇ ਹਾਈ ਕੋਰਟ ਨੇ ਅਮਰਾਵਤੀ ਤੋਂ ਲੋਕ ਸਭਾ ਮੈਂਬਰ ਨਵਨੀਤ ਕੌਰ ਰਾਣਾ ਨੂੰ ਜਾਰੀ ਕੀਤੇ ਜਾਤੀ ਸਰਟੀਫਿਕੇਟ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਨੂੰ ਜਾਅਲੀ ਕਰਾਰ ਦਿੰਦਿਆਂ ਇਸ ਨੂੰ ਧੋਖਾਧੜੀ ਨਾਲ ਪ੍ਰਾਪਤ ਕੀਤਾ ਕਰਾਰ ਦਿੱਤਾ ਹੈ। ਇਸ ਨਾਲ ਰਾਣਾ ਦੀ ਮੈਂਬਰੀ ਵੀ ਖਤਰੇ ਵਿੱਚ ਪੈ ਗਈ ਹੈ ਕਿਉਂਕਿ ਅਮਰਾਵਤੀ ਸੀਟ ਐੱਸਸੀ ਵਰਗ ਲਈ ਰਾਖਵੀਂ ਹੈ। ਅਦਾਲਤ ਨੇ ਉਸ ਨੂੰ ਛੇ ਹਫ਼ਤਿਆਂ ਦੇ ਅੰਦਰ ਇਸ ਨੂੰ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਜਸਟਿਸ ਆਰਡੀ ਧਨੁਕਾ ਅਤੇ ਵੀਜੀ ਬਿਸ਼ਟ ਦੇ ਬੈਂਚ ਨੇ ਸੰਸਦ ਮੈਂਬਰ ਨੂੰ 2 ਲੱਖ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ ਤੇ ਇਹ ਰਾਸ਼ੀ ਉਸ ਨੂੰ ਦੋ ਹਫ਼ਤਿਆਂ ਦੇ ਅੰਦਰ ਮਹਾਰਾਸ਼ਟਰ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਅਦਾ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ ਨੋਟ ਕੀਤਾ ਕਿ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਪ੍ਰਾਪਤ ਕਰਨ ਲਈ ਰਾਣਾ ਵੱਲੋਂ 'ਮੋਚੀ' ਜਾਤੀ ਨਾਲ ਸਬੰਧਤ ਹੋਣ ਦਾ ਦਾਅਵਾ ਧੋਖਾਧੜੀ ਸੀ, ਜਦ ਕਿ ਉਸ ਦਾ ਇਸ ਜਾਤੀ ਨਾਲ ਕੋਈ ਸਬੰਧ ਨਹੀਂ ਹੈ। ਇਹ ਸਭ ਕੁੱਝ ਉਸ ਨੇ ਇਸ ਵਰਗ ਦੇ ਉਮੀਦਵਾਰਾਂ ਨੂੰ ਮਿਲਣ ਵਾਲੇ ਲਾਭ ਲੈਣ ਲਈ ਕੀਤਾ ਗਿਆ।

# ਮੋਦੀ ਸਰਕਾਰ ਕਿਸਾਨਾਂ ਨਾਲ ਤੁਰੰਤ ਗੱਲਬਾਤ ਸ਼ੁਰੂ ਕਰੇ-ਸੁਖਬੀਰ ਬਾਦਲ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਟਾਲ-ਮਟੋਲ ਤੇ ਪੁਰਾਣਾ ਰਾਗ ਅਲਾਪਣ ਦੀ ਥਾਂ ਤੁਰੰਤ ਸੰਘਰਸ਼ਸ਼ੀਲ ਕਿਸਾਨਾਂ ਨਾਲ ਗੱਲਬਾਤ ਕਰਨ। ਅਕਾਲੀ ਦਲ ਪ੍ਰਧਾਨ ਨੇ ਇੱਥੇ ਕਿਹਾ ਕਿ ਨਰਿੰਦਰ ਤੋਮਰ ਵਾਰ-ਵਾਰ ਕਹਿ ਰਹੇ ਹਨ ਕਿ ਤਿੰਨ ਖੇਤੀ ਕਾਨੂੰਨ ਕਿਸਾਨਾਂ ਦੇ ਹਿੱਤ ਵਿੱਚ ਹਨ, ਜਿਸ ਤੋਂ ਜਾਪਦਾ ਹੈ ਕਿ ਐਨਡੀਏ ਸਰਕਾਰ ਪੂੰਜੀਪਤੀ ਘਰਾਣਿਆਂ ਦੇ ਮੁਨਾਫ਼ਿਆਂ ਲਈ ਖੇਤੀ ਕਾਨੂੰਨ ਰੱਦ ਨਾ ਕਰਨ ਦੀ ਇੱਛਾ 'ਤੇ ਦ੍ਰਿੜ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਘੱਟੋ-ਘੱਟ ਸਮਰਥਨ ਮੁੱਲ ਖਤਮ ਕਰਕੇ ਜਿਣਸਾਂ ਦੀ ਯਕੀਨੀ ਸਰਕਾਰੀ ਖਰੀਦ ਵੀ ਬੰਦ ਕੀਤੀ ਜਾਵੇ, ਜਿਸ ਕਰਕੇ ਸੰਯੁਕਤ ਕਿਸਾਨ ਮੋਰਚੇ ਦੀ ਗੱਲਬਾਤ ਦੀ ਅਪੀਲ ਰੱਦ ਕੀਤੀ ਜਾ ਰਹੀ ਹੈ। ਬਾਦਲ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਕੇਂਦਰ ਸਰਕਾਰ ਨੂੰ ਕਿਸਾਨ ਆਗੂਆਂ ਨਾਲ ਗੱਲਬਾਤ ਦੇ ਇੰਨੇ ਗੇੜ ਲੰਘਣ ਤੋਂ ਬਾਅਦ ਵੀ ਹਾਲੇ ਤੱਕ ਤਿੰਨ ਖੇਤੀ ਕਾਨੂੰਨਾਂ ਦੀ ਬੁਰਾਈ ਨਹੀਂ ਪਤਾ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਕਿਸਾਨਾਂ ਦੀਆਂ ਵਾਜਬ ਮੰਗਾਂ ਕਿਸੇ ਵੀ ਕੀਮਤ 'ਤੇ ਨਹੀਂ ਮੰਨਣਾ ਚਾਹੁੰਦੀ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.

Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.
ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ

- ਸਾਨੂੰ ਗਰੀਨ ਹਾਊਸ ਵਿਚ ਮੈਰੂਆਨਾ ਤੋੜਨ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ। ਸਿਰਫ ਪੀ.ਆਰ. ਹੋਲਡਰ, ਓਪਨ ਵਰਕ ਪਰਮਿਟ ਜਾਂ ਵੈਕੇਸ਼ਨ ਵਾਲੇ ਸਟੂਡੈਂਟਸ (ਲੜਕੇ) ਹੀ ਸੰਪਰਕ ਕਰਨ।
- ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।

ਸੰਪਰਕ- ਸੰਨੀ ਸੰਧਰ 604-727-2421




carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

from $2.28 SF — Textured Saxony Installed

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਵਿਧਾਇਕ ਸਿਮਰਜੀਤ ਸਿੰਘ ਬੈਂਸ ਖ਼ਿਲਾਫ਼ ਸਕੂਲ ਅਧਿਆਪਕਾ ਵੱਲੋਂ ਜਬਰ ਜਿਨਾਹ ਦੇ ਦੋਸ਼





ਲੁਧਿਆਣਾ- ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਲੁਧਿਆਣਾ ਤੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ 'ਤੇ ਇੱਕ ਹੋਰ ਔਰਤ ਨੇ ਜਬਰ-ਜਨਾਹ ਦੇ ਦੋਸ਼ ਲਾਏ ਹਨ। ਪੇਸ਼ੇ ਵਜੋਂ ਅਧਿਆਪਕ ਔਰਤ ਨੇ ਇਸ ਸਬੰਧੀ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਵੀ ਭੇਜੀ ਹੈ। ਉਧਰ, ਵਿਧਾਇਕ ਬੈਂਸ ਨੇ ਆਪਣੇ ਦਫ਼ਤਰ ਵਿੱਚ ਪੱਤਰਕਾਰ ਮਿਲਣੀ ਕਰ ਕੇ ਔਰਤ ਵੱਲੋਂ ਲਗਾਏ ਦੋਸ਼ਾਂ ਨੂੰ ਗ਼ਲਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੁਰਾਣਾ ਸਾਥੀ ਤੇ ਕਾਂਗਰਸ ਦਾ ਹਲਕਾ ਇੰਚਾਰਜ ਕਮਲਜੀਤ ਸਿੰਘ ਕੜਵਲ ਕਥਿਤ ਤੌਰ 'ਤੇ ਗ਼ਲਤ ਤਰੀਕੇ ਨਾਲ ਔਰਤਾਂ ਨੂੰ ਅੱਗੇ ਕਰ ਕੇ ਉਨ੍ਹਾਂ 'ਤੇ ਦੋਸ਼ ਲਗਵਾ ਰਿਹਾ ਹੈ। ਵਿਧਾਇਕ ਬੈਂਸ ਨੇ ਆਖਿਆ ਕਿ ਉਹ ਉਨ੍ਹਾਂ ਦੀ ਬਦਨਾਮ ਕਰਨ ਵਾਲਿਆਂ ਖ਼ਿਲਾਫ਼ ਡੀਜੀਪੀ ਨੂੰ ਸ਼ਿਕਾਇਤ ਕਰਨਗੇ। ਲੁਧਿਆਣਾ ਦੀ ਇੱਕ ਅਧਿਆਪਕਾ ਨੇ ਬੀਤੀ ਸ਼ਾਮ ਪੁਲੀਸ ਕਮਿਸ਼ਨਰ ਨੂੰ ਸ਼ਿਕਾਇਤ ਦਿੱਤੀ ਕਿ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਉਸ ਨਾਲ ਕੋਟ ਮੰਗਲ ਸਿੰਘ ਨਗਰ ਸਥਿਤ ਦਫ਼ਤਰ ਦੇ ਕੈਬਿਨ ਤੇ ਆਲਮਗੀਰ ਸਥਿਤ ਫਾਰਮ ਹਾਊਸ 'ਤੇ ਉਸ ਨਾਲ ਜਬਰ-ਜਨਾਹ ਕੀਤਾ। ਔਰਤ ਨੇ ਪੁਲੀਸ ਕਮਿਸ਼ਨਰ ਨੂੰ ਵ੍ਹਟਸਐਪ ਚੈਟ ਵੀ ਭੇਜੀ ਹੈ, ਜਿਸ ਵਿੱਚ ਉਸ ਨੇ ਦਾਅਵਾ ਕੀਤਾ ਕਿ ਵਿਧਾਇਕ ਬੈਂਸ ਨੇ ਵ੍ਹਟਸਐਪ 'ਤੇ ਮੈਸੇਜ ਭੇਜ ਕੇ ਉਸ ਨੂੰ ਦਫ਼ਤਰ ਬੁਲਾਇਆ ਸੀ। ਔਰਤ ਨੇ ਇਹ ਵੀ ਕਿਹਾ ਕਿ ਉਸ ਕੋਲ ਸਾਰੇ ਸਬੂਤ ਹਨ, ਜੋ ਉਹ ਅਦਾਲਤ ਵਿੱਚ ਪੇਸ਼ ਕਰੇਗੀ। ਔਰਤ ਵੱਲੋਂ ਦੋਸ਼ ਲਗਾਉਣ ਮਗਰੋਂ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਪੱਤਰਕਾਰ ਮਿਲਣੀ ਕੀਤੀ ਤੇ ਕਿਹਾ ਕਿ ਉਨ੍ਹਾਂ ਦੇ ਪੁਰਾਣੇ ਸਾਥੀ ਤੇ ਉਨ੍ਹਾਂ ਦੇ ਹੀ ਹਲਕੇ ਤੋਂ ਕਾਂਗਰਸੀ ਇੰਚਾਰਜ ਇਹ ਸਭ ਕੁਝ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਦੋਸ਼ ਬੇਬੁਨਿਆਦ ਹਨ ਤੇ ਉਹ ਇਸ ਮਾਮਲੇ ਵਿੱਚ ਡੀਜੀਪੀ ਨੂੰ ਸ਼ਿਕਾਇਤ ਦੇ ਕੇ ਝੂਠੀਆਂ ਸ਼ਿਕਾਇਤਾਂ ਦੇਣ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਹੋਣ ਕਰਕੇ ਉਨ੍ਹਾਂ ਨੂੰ ਬਦਨਾਮ ਕਰਨ ਲਈ ਵਿਰੋਧੀ ਸਿਆਸੀ ਆਗੂ ਅਜਿਹੇ ਗ਼ਲਤ ਦੋਸ਼ ਲਗਵਾ ਰਹੇ ਹਨ।

## ਮੋਦੀ ਸਰਕਾਰ ਦੇਸ਼ ਵਾਸੀਆਂ ਨੂੰ ਗੁੰਮਰਾਹ ਕਰ ਰਹੀ ਹੈ-ਰਾਜੇਵਾਲ



ਨਵੀਂ ਦਿੱਲੀ-ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ 'ਚ ਕੀਤੇ ਗਏ ਵਾਧੇ ਨੂੰ ਰੱਦ ਕਰਦਿਆਂ ਕਿਹਾ ਕਿ ਹੁਕਮਰਾਨ ਭਾਜਪਾ ਵਿੱਚ ਪ੍ਰਧਾਨ ਮੰਤਰੀ ਤੋਂ ਲੈ ਕੇ ਧੁਰ ਹੇਠਾਂ ਤੱਕ ਸਾਰੇ ਆਗੂ ਅਤੇ ਵਰਕਰ ਸਾਰਾ ਦਿਨ ਦੇਸ਼ ਵਾਸੀਆਂ ਨੂੰ ਝੂਠ ਬੋਲ-ਬੋਲ ਕੇ ਗੁੰਮਰਾਹ ਕਰਨ 'ਤੇ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਖੇਤੀ ਮੰਤਰੀ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਸਾਨ ਜਥੇਬੰਦੀਆਂ ਨੇ ਸਰਕਾਰ ਨਾਲ ਹੋਈਆਂ 11 ਮੀਟਿੰਗਾਂ ਵਿੱਚ ਤਿੰਨੋਂ ਕਾਲੇ ਕਾਨੂੰਨਾਂ ਵਿੱਚ ਅਣਗਿਣਤ ਮੱਦਾਂ ਨੂੰ ਕਿਸਾਨ ਅਤੇ ਦੇਸ਼ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਾਬਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਨੂੰਨ ਲਾਗੂ ਹੋਣ ਨਾਲ ਖੇਤੀ ਦੇ ਬਰਬਾਦ ਹੋਣ, ਬੇਰੁਜ਼ਗਾਰੀ ਬੇਤਹਾਸ਼ਾ ਵਧਣ ਅਤੇ ਮਹਿੰਗਾਈ ਬੇਲਗਾਮ ਹੋਣ ਦੇ ਖ਼ਦਸ਼ਿਆਂ ਨੂੰ ਸਹੀ ਸਾਬਤ ਕਰ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕਿਸਾਨ ਜਥੇਬੰਦੀਆਂ ਨਾਲ ਹੋਈਆਂ 11 ਮੀਟਿੰਗਾਂ ਦੀ ਵੀਡੀਓ ਰਿਕਾਰਡਿੰਗ ਜਾਰੀ ਕਰੇ ਤਾਂ ਜੋ ਦੇਸ਼ ਨੂੰ ਪਤਾ ਲੱਗ ਸਕੇ ਕਿ ਕੌਣ ਝੂਠ ਅਤੇ ਕੌਣ ਸੱਚ ਬੋਲ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਭਾਜਪਾ ਸਰਕਾਰ ਰਾਜ ਹੱਠ ਤੋਂ ਬਾਹਰ ਆ ਕੇ ਕਿਸਾਨ ਜਥੇਬੰਦੀਆਂ ਨਾਲ ਗੱਲ ਕਰੇ ਤਾਂ ਹੀ ਉਹ ਗੱਲਬਾਤ ਲਈ ਤਿਆਰ ਹੋਣਗੇ।


## ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਧਰਨਾ ਦੇਣ ਦਾ ਐਲਾਨ



ਸ਼੍ਰੋਮਣੀ ਅਕਾਲੀ ਦਲ ਨੇ ਐਲਾਨ ਕੀਤਾ ਹੈ ਕਿ ਸਿਹਤ ਮੰਤਰੀ ਬਲਬੀਰ ਸਿੱਧੂ ਦੀ ਬਰਖ਼ਾਸਤਗੀ, ਵੈਕਸੀਨ ਤੇ ਫ਼ਤਿਹ ਕਿੱਟ ਘੁਟਾਲੇ ਦੀ ਸੀਬੀਆਈ ਤੋਂ ਜਾਂਚ ਕਰਵਾਏ ਜਾਣ ਦੀ ਮੰਗ ਸਬੰਧੀ 15 ਜੂਨ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਧਰਨਾ ਦਿੱਤਾ ਜਾਵੇਗਾ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਦਲ ਇਹ ਵੀ ਮੰਗ ਕਰੇਗਾ ਕਿ ਕੌਮੀ ਮਾਰਗਾਂ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦਾ ਮਾਰਕੀਟ ਰੇਟ ਅਨੁਸਾਰ ਮੁੱਲ ਅਤੇ ਉਜਾੜਾ ਭੱਤਾ ਕਿਸਾਨਾਂ ਨੂੰ ਦਿੱਤਾ ਜਾਵੇ। ਪਾਰਟੀ ਨੇ ਕਿਹਾ ਕਿ ਸਰਕਾਰ ਨੇ ਐਕਸਪ੍ਰੈੱਸਵੇਅ ਪ੍ਰਾਜੈਕਟਾਂ ਲਈ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੀ ਨੀਤੀ ਨਾ ਬਦਲੀ ਤਾਂ ਪਾਰਟੀ ਸਰਕਾਰ ਖ਼ਿਲਾਫ਼ ਕਿਸਾਨਾਂ ਨਾਲ ਰੋਸ ਧਰਨੇ ਵਿੱਚ ਸ਼ਾਮਲ ਹੋਵੇਗੀ।

## ਦੋ ਥਾਣੇਦਾਰ ਨੂੰ ਮਾਰਨ ਵਾਲੇ ਦੋ ਗੈਂਗਸਟਰ ਪੁਲਿਸ ਮੁਕਾਬਲੇ ਵਿਚ ਹਲਾਕ

ਚੰਡੀਗੜ੍ਹ-ਪੁਲੀਸ ਅਧਿਕਾਰੀਆਂ ਦੀ ਹੱਤਿਆ ਵਿੱਚ ਸ਼ਾਮਲ ਦੋ ਗੈਂਗਸਟਰਾਂ ਨੂੰ ਪੰਜਾਬ ਪੁਲੀਸ ਦੀ ਟੀਮ ਨੇ ਕੋਲਕਾਤਾ ਵਿੱਚ ਇਕ ਮੁਕਾਬਲੇ ਵਿਚ ਮਾਰ ਮੁਕਾਇਆ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਮਾਰੇ ਗਏ ਗੈਂਗਸਟਰਾਂ ਦੀ ਪਛਾਣ ਜੈਪਾਲ ਸਿੰਘ ਭੁੱਲਰ ਅਤੇ ਜਸਪ੍ਰੀਤ ਸਿੰਘ ਦੱਸੀ ਗਈ ਹੈ। ਇਹ ਦੋਵੇਂ ਪੰਜਾਬ ਪੁਲੀਸ ਦੇ ਦੋ ਪੁਲੀਸ ਅਧਿਕਾਰੀਆਂ ਦੀ ਹੱਤਿਆ ਦੇ ਮਾਮਲੇ ਵਿੱਚ ਲੋੜੀਂਦੇ ਸਨ। ਗੁਪਤ ਸੂਚਨਾ ਦੇ ਆਧਾਰ 'ਤੇ ਪੰਜਾਬ ਪੁਲੀਸ ਦੀ ਟੀਮ ਨੇ ਕੋਲਕਾਤਾ ਪੁਲੀਸ ਦੀ ਮਦਦ ਨਾਲ ਦੋਨੋ ਗੈਂਗਸਟਰਾਂ ਨੂੰ ਮਾਰ ਮੁਕਾਇਆ। ਪੰਜਾਬ ਦੇ ਡੀਜੀਪੀ ਦਿਨਕਰ ਗੁਪਤਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਕਾਬਿਲੇਗੌਰ ਹੈ ਕਿ ਏਐੱਸਆਈ ਭਗਵਾਨ ਸਿੰਘ ਅਤੇ ਦਲਵਿੰਦਰਜੀਤ ਸਿੰਘ ਦੀ ਲੁਧਿਆਣਾ ਜ਼ਿਲ੍ਹੇ ਵਿੱਚ ਜਗਰਾਓਂ ਦੀ ਨਵੀਂ ਅਨਾਜ ਮੰਡੀ ਵਿੱਚ 15 ਮਈ ਨੂੰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।













# ਲੰਡਨ, ਓਨਟਾਰੀਓ ਵਿਚ ਮੁਸਲਿਮ ਪਰਿਵਾਰ ਦੇ ਪੰਜ ਜੀਅ ਸਿਰਫਿਰੇ ਨੇ ਟਰੱਕ ਹੇਠ ਕੁਚਲੇ

[ਸਫ਼ਾ 1 ਦੀ ਬਾਕੀ]

ਕੋਈ ਨਾਂਅ ਜਾਰੀ ਨਾ ਕਰਨ ਲਈ ਕਿਹਾ ਸੀ ਪਰ ਚਾਰੇ ਪੀੜਤਾਂ ਦੀ ਪਛਾਣ 74 ਸਾਲਾ ਔਰਤ, 46 ਸਾਲਾ ਇਕ ਵਿਅਕਤੀ, 44 ਸਾਲਾ ਇਕ ਔਰਤ ਤੇ 15 ਸਾਲਾ ਲੜਕੀ ਵਜੋਂ ਕੀਤੀ ਗਈ ਹੈ। 9 ਸਾਲਾ ਲੜਕਾ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। ਵਿਲੀਅਮਸ ਨੇ ਕਿਹਾ ਕਿ ਸਾਡਾ ਮੰਨਣਾ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਕਾਰਾ ਸੀ ਅਤੇ ਇਸ ਭਿਆਨਕ ਘਟਨਾ ਵਿਚ ਪੀੜਤਾਂ ਨੂੰ ਮੁਸਲਮਾਨ ਹੋਣ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। ਇਸ ਮਾਮਲੇ ਵਿਚ ਸਾਰੇ ਪੀੜਤ ਉਸੇ ਪਰਿਵਾਰ ਨਾਲ ਸਬੰਧਤ ਹਨ। ਡਿਟੈਕਟਿਵ ਸੁਪਰਡੈਂਟ ਪੌਲ ਵੇਟ ਨੇ ਦੱਸਿਆ ਕਿ ਸ਼ਹਿਰ ਦੇ ਉੱਤਰ ਪੱਛਮ ਵਿਚ ਪਰਿਵਾਰ ਸੜਕ ਪਾਰ ਕਰਨ ਲਈ ਚੌਰਾਹੇ ਵਿਚ ਉਡੀਕ ਕਰ ਰਿਹਾ ਸੀ ਜਦੋਂ ਕਾਲੇ ਰੰਗ ਦੀ ਪਿਕਅਪ ਨੇ ਉਨ੍ਹਾਂ ਨੂੰ ਟੱਕਰ ਮਾਰੀ ਤੇ ਦੌੜ ਗਈ। ਪੁਲਿਸ ਨੇ ਦੋਸ਼ੀ ਦੀ ਪਛਾਣ ਨੈਥਨੀਅਲ ਵੈਲਟਮੈਨ ਵਜੋਂ ਕੀਤੀ ਹੈ।



# ਨਫ਼ਰਤ ਦੀ ਸਾਡੇ ਸਮਾਜ ਵਿਚ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ-ਟਰੂਡੋ

## ਸਾਰਾ ਦੇਸ਼ ਕੈਨੇਡੀਅਨ ਮੁਸਲਿਮ ਭਾਈਚਾਰੇ ਦੇ ਨਾਲ

ਸਰੀ-ਉਂਟਾਰੀਓ ਦੇ ਲੰਡਨ ਸ਼ਹਿਰ ਵਿਚ ਪੰਜ ਜੀਆਂ ਉਪਰ ਜਾਣਬੁੱਝ ਕੇ ਗੱਡੀ ਚੜ੍ਹਾਉਣ ਦੀ ਘਟਨਾ ਦਾ ਸ਼ਿਕਾਰ ਹੋਏ ਪਾਕਿਸਤਾਨੀ ਮੂਲ ਦੇ ਮ੍ਰਿਤਕ ਪਰਿਵਾਰ ਨੂੰ ਸ਼ਰਧਾਂਜਲੀ ਦੇਣ ਲਈ ਲੰਡਨ ਵਿਖੇ ਘਟਨਾ ਸਥਾਨ ਨੇੜੇ ਮਸਜਿਦ ਵਿਚ ਕੈਂਡਲ ਲਾਈਟ ਵਿਜਲ ਰੱਖਿਆ ਗਿਆ ਸੀ, ਜਿਸ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਂਟਾਰੀਓ ਦੇ ਪ੍ਰੀਮੀਅਰ ਡਗਲਸ ਫੋਰਡ ਤੋਂ ਇਲਾਵਾ ਰਾਸ਼ਟਰੀ ਅਤੇ ਪ੍ਰਾਂਤਕ ਪੱਧਰ ਦੀਆਂ ਪਾਰਟੀਆਂ ਦੇ ਮੁੱਖ ਆਗੂ ਵੀ ਪੁੱਜੇ ਅਤੇ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਹੋਏ। ਪ੍ਰੀਮੀਅਰ ਫੋਰਡ ਨੇ ਇਸ ਸਮਾਗਮ ਵਾਸਤੇ ਕੋਰੋਨਾ ਵਾਇਰਸ ਰੋਕਣ ਲਈ ਇਕੱਠ ਕਰਨ ਉਪਰ ਲਗਾਈ ਪਾਬੰਦੀ ਵੀ ਹਟਾ ਦਿੱਤੀ ਤਾਂ ਕਿ ਲੋਕ ਇਸ ਸਮਾਗਮ ਵਿਚ ਸ਼ਾਮਿਲ ਹੋ ਸਕਣ। ਟਰੂਡੋ ਨੇ ਆਖਿਆ ਕਿ ਸਾਰਾ ਦੇਸ਼ ਕੈਨੇਡੀਅਨ ਮੁਸਲਿਮ ਭਾਈਚਾਰੇ ਦੇ ਨਾਲ ਹੈ ਅਤੇ ਇਸ ਮੁਸ਼ਕਿਲ ਸਮੇਂ ਅਸੀਂ ਸਾਰੇ ਇਕਜੁਟ ਹਾਂ। ਮੁੱਖ ਮੰਤਰੀ ਫੋਰਡ ਨੇ ਆਖਿਆ ਕਿ ਨਫਰਤ ਦੀ ਸਾਡੇ ਸਮਾਜ ਵਿਚ ਕੋਈ ਜਗ੍ਹਾ ਨਹੀਂ ਹੋਣੀ ਚਾਹੀਦੀ। ਕਿਊਬਕ ਤੋਂ ਬਲਾਕ ਕਿਊਬਕ ਪਾਰਟੀ ਦੇ ਆਗੂ ਇਵੇਸ ਫਰਾਂਸੁਅ ਬਲਾਂਸ਼ੇ ਨੇ ਕਿਹਾ ਕਿ 2017 ਵਿਚ ਵੀ ਅਜਿਹੀ ਘਟਨਾ ਕਿਊਬਕ ਵਿਚ ਵਾਪਰੀ ਸੀ ਤੇ ਮਸਜਿਦ ਵਿਚ ਹੋਏ ਹਮਲੇ ਵਿਚ ਛੇ ਵਿਅਕਤੀਆਂ ਦੀ ਜਾਨ ਚਲੀ ਗਈ ਸੀ ਪਰ ਸਾਨੂੰ ਹਰੇਕ ਵਾਰ ਇਕੱਠੇ ਹੋ ਕੇ ਅੱਥਰੂ ਕੇਰਨ ਅਤੇ ਅਫਸੋਸ ਪ੍ਰਗਟ ਕਰਨ ਤੋਂ ਕੁਝ ਵਧ ਕਰਨ ਦੀ ਲੋੜ ਹੈ।




# ਬੇਰੀ ਪਿੱਕਰਾਂ ਦੀ ਲੋੜ

- ਬੀ.ਸੀ. ਦੀ ਇੱਕ ਮਸ਼ਹੂਰ ਕੰਪਨੀ ਨੂੰ ਪਿੱਕਰਾਂ ਦੀ ਲੋੜ ਹੈ।
- ਬੇਰੀ ਵਧੀਆ ਅਤੇ ਮੋਟੀ ਹੈ। ਬੇਰੀ ਦਾ ਕੰਮ ਸ਼ੁਰੂ ਹੋ ਗਿਆ ਹੈ।
- ਸਰੀ, ਰਿਚਮੰਡ, ਬਰਨਬੀ, ਵੈਨਕੂਵਰ, ਡੈਲਟਾ, ਲੈਂਗਲੀ, ਐਬਟਸਫੋਰਡ, ਕਲੋਵਰਡੇਲ, ਗਿਲਫੋਰਡ ਅਤੇ ਐਲਡਰਗਰੋਵ ਵਿੱਚੋਂ ਰਾਇਡ ਦਾ ਪ੍ਰਬੰਧ ਹੈ।
- ਅਮਰੀਕਾ, ਕੈਲਗਰੀ, ਵਿਨੀਪੈਗ ਅਤੇ ਟਰਾਂਟੋ ਤੋਂ ਆਉਣ ਵਾਲੇ ਵਰਕਰਾਂ ਲਈ ਰਿਹਾਇਸ਼ ਦਾ ਪ੍ਰਬੰਧ ਹੋਵੇਗਾ।
- ਅਮਰੀਕਾ, ਕੈਲਗਰੀ, ਵਿਨੀਪੈਗ ਅਤੇ ਟਰਾਂਟੋ ਤੋਂ ਆਉਣ ਵਾਲੇ ਵਰਕਰਾਂ ਲਈ 300-700 ਡਾਲਰ ਦਾ ਬੋਨਸ ਦਿੱਤਾ ਜਾਵੇਗਾ।
- ਘਰ ਵਰਗਾ ਮਾਹੌਲ। ਪੂਰਾ ਸੀਜ਼ਨ ਕੰਮ ਕਰਨ ਵਾਲਿਆਂ ਨੂੰ ਬੋਨਸ।
- ਕਲਾਸ 4 ਅਤੇ ਕਲਾਸ 5 ਡਰਾਈਵਰਾਂ ਦੀ ਵੀ ਲੋੜ ਹੈ।

**ਹੈਪੀ: 604-614-1680**

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping



Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

MORTGAGES + PRIVATE LOANS

BUY, SELL & MORTGAGE WITH US & RECEIVE UP TO $20,000* CASH BACK OR DISCOUNT

SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$



BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES

## ਕੈਨੇਡਾ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲਿਆਂ ਦਾ ਦੁਖਦਾਈ ਇਤਿਹਾਸ

ਟੋਰਾਂਟੋ-ਓਨਟਾਰੀਓ ਦੇ ਸ਼ਹਿਰ ਲੰਡਨ ਵਿਚ ਇਕ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਮਾਰ ਦੇਣ ਦਾ ਤਾਜ਼ਾ ਹਮਲਾ ਮੁਸਲਮਾਨਾਂ ਦੇ ਦੇਸ਼ ਭਰ ਵਿਚ ਹਿੰਸਾ ਦਾ ਸਾਹਮਣਾ ਕਰਨ ਦੀ ਤਾਜ਼ਾ ਉਦਾਹਰਣ ਹੈ। 2015 ਤੋਂ 2019 ਤਕ ਨੈਸ਼ਨਲ ਕੌਂਸਲ ਆਫ ਕੈਨੇਡੀਅਨ ਮੁਸਲਮਿਸ ਨੇ ਹਮਲਿਆਂ ਦੀਆਂ 300 ਤੋਂ ਵੀ ਵੱਧ ਘਟਨਾਵਾਂ ਦਾ ਪਤਾ ਲਾਇਆ ਹੈ ਜਿਨ੍ਹਾਂ ਵਿਚੋਂ 30 ਤੋਂ ਵੀ ਵੱਧ ਸਰੀਰਕ ਹਿੰਸਾ ਨਾਲ ਸਬੰਧਿਤ ਹਨ। ਸਭ ਤੋਂ ਜ਼ਿਆਦਾ ਜਾਣੀ ਪਛਾਣੀ ਘਟਨਾ 29 ਜੂਨ 2017 ਨੂੰ ਕਿਊਬਕ ਦੇ ਇਕ ਸ਼ਹਿਰ ਵਿਚ ਸ਼ਾਮ ਦੀ ਨਮਾਜ਼ ਸਮੇਂ ਵਾਪਰੀ ਜਦੋਂ ਇਕ ਹਥਿਆਰਬੰਦ ਵਿਅਕਤੀ ਨੇ ਇਸਲਾਮਿਕ ਸਭਿਆਚਾਰ ਸੈਂਟਰ 'ਤੇ ਹਮਲਾ ਕਰ ਦਿੱਤਾ ਜਿਸ ਵਿਚ 6 ਵਿਅਕਤੀ ਮਾਰੇ ਗਏ ਅਤੇ 19 ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਸਨ।

## ਮੂਲਨਿਵਾਸੀ ਔਰਤ ਨੂੰ ਗੋਲੀ ਮਾਰਨ ਵਾਲੇ ਪੁਲਿਸ ਅਫਸਰ ਖਿਲਾਫ ਕੋਈ ਅਪਰਾਧਿਕ ਦੋਸ਼ ਨਹੀਂ

ਫਰੇਡਰਿਕਟਨ-ਨਿਊ ਬਰੁੰਸਵਿਕ ਦੇ ਪਬਲਿਕ ਪ੍ਰੌਸੀਕਿਊਸ਼ਨਸ ਸਰਵਿਸਿਜ਼ ਨੇ ਐਲਾਨ ਕੀਤਾ ਕਿ ਇਕ ਸਾਲ ਪਹਿਲਾਂ ਚੈਂਟਲ ਮੂਰੀ ਇਕ ਸਵਦੇਸ਼ੀ ਨੂੰ ਔਰਤ ਨੂੰ ਗੋਲੀ ਮਾਰ ਕੇ ਮਾਰਨ ਵਾਲੇ ਪੁਲਿਸ ਅਫਸਰ ਖਿਲਾਫ ਅਪਰਾਧਿਕ ਦੋਸ਼ ਨਹੀਂ ਲਗਾਏ ਜਾਣਗੇ। 4 ਜੂਨ 2020 ਨੂੰ ਤੜਕੇ ਵੈਲਨੈਸ ਚੈੱਕ ਦੌਰਾਨ ਐਡਮੰਡਸਟਨ ਪੁਲਿਸ ਫੋਰਸ ਦੇ ਮੈਂਬਰ ਨੇ 26 ਸਾਲਾ ਸਵਦੇਸ਼ੀ ਔਰਤ ਮੂਰੀ ਨੂੰ ਗੋਲੀ ਮਾਰ ਦਿੱਤੀ ਸੀ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਗੋਲੀ ਮਾਰਨ ਸਮੇਂ ਨੌਜਵਾਨ ਔਰਤ ਚਾਕੂ ਫੜ ਕੇ ਅਫਸਰ ਕੋਲ ਪਹੁੰਚ ਗਈ ਸੀ। ਕਿਊਬਕ ਦੇ ਸੁਤੰਤਰ ਪੁਲਿਸ ਵਾਚ ਡੌਗ ਨੇ ਮਾਮਲੇ ਦੀ ਜਾਂਚ ਕੀਤੀ ਸੀ ਕਿਉਂਕਿ ਨਿਊ ਬਰੁੰਸਵਿਕ ਦੀ ਆਪਣੀ ਪੁਲਿਸ ਨਿਗਰਾਨ ਏਜੰਸੀ ਨਹੀਂ ਹੈ। ਵਾਚਡੌਗ ਨੇ ਦਸੰਬਰ ਵਿਚ ਨਿਊ ਬਰੁੰਸਵਿਕ ਪ੍ਰੌਸੀਕਿਊਟਰਸ ਨੂੰ ਆਪਣੇ ਤੱਥ ਪੇਸ਼ ਕਰ ਦਿੱਤੇ ਸਨ ਪਰ ਵਾਧੂ ਜਾਂਚ ਦਾ ਕੰਮ ਅਜੇ ਕੀਤਾ ਜਾਣਾ ਸੀ ਅਤੇ ਪ੍ਰੌਸੀਕਿਊਟਰਸ ਦੀ ਅਜੇ ਅਪ੍ਰੈਲ ਦੀ ਸ਼ੁਰੂ ਵਿਚ ਫਾਈਲ ਮੁਕੰਮਲ ਹੋਈ ਸੀ।

## ਰੂਰਲ ਲੈਂਗਲੀ ਰੋਡ 'ਤੇ ਗੋਲੀਬਾਰੀ 'ਚ ਇਕ ਜ਼ਖ਼ਮੀ

ਸਰੀ-ਲੈਂਗਲੀ ਵਿਚ ਗੋਲੀਬਾਰੀ ਦੀ ਘਟਨਾ ਵਿਚ ਇਕ 50 ਸਾਲਾ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਲੈਂਗਲੀ ਆਰਸੀਐਮਪੀ ਨੂੰ ਸ਼ਾਮ 5.30 ਵਜੇ ਦੇ ਲਗਪਗ 60ਵੀਂ ਐਵੀਨਿਊ ਦੇ 26200 ਬਲਾਕ ਵਿਚ ਗੋਲੀਬਾਰੀ ਦੀ ਘਟਨਾ ਦੀ ਰਿਪੋਰਟ ਦਿੱਤੀ ਗਈ ਅਤੇ ਅਧਿਕਾਰੀ ਜਦੋਂ ਮੌਕੇ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਇਕ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲਿਆ ਜਿਸ ਦੇ ਗੋਲੀਆਂ ਲੱਗੀਆਂ ਹੋਈਆਂ ਸਨ। ਤਿੰਨ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਗਈ ਪਰ ਪੁਲਿਸ ਨੇ ਨਹੀਂ ਦੱਸਿਆ ਕਿ ਪੀੜਤ ਦੇ ਕਿੰਨੀਆਂ ਗੋਲੀਆਂ ਲੱਗੀਆਂ ਹੋਈਆਂ ਸਨ। ਇਸ ਗੱਲ ਬਾਰੇ ਜਾਣਕਾਰੀ ਨਹੀਂ ਕਿ ਇਹ ਗੋਲੀਬਾਰੀ ਮੈਟਰੋ ਵੈਨਕੂਵਰ ਗੈਂਗ ਵਿਵਾਦ ਨਾਲ ਸਬੰਧਤ ਹੈ ਜਾਂ ਨਹੀਂ।

## ਟਰੂਡੋ ਦੀਆਂ ਚਰਚ ਤੇ ਰੈਜ਼ੀਡੈਂਸ਼ਲ ਸਕੂਲ ਬਾਰੇ ਟਿੱਪਣੀਆਂ ਅਣਉਚਿੱਤ

ਓਟਵਾ-ਟੋਰਾਂਟੋ ਦੇ ਆਰਕਬਿਸ਼ਪ ਨੇ ਕੈਨੇਡਾ ਦੇ ਰੈਜ਼ੀਡੈਂਸ਼ਲ ਸਕੂਲ ਵਿਚ ਮੂਲਨਿਵਾਸੀ ਬੱਚਿਆਂ ਦੇ ਪਿੰਜਰ ਮਿਲਣ ਦੀ ਘਟਨਾ ਉਪਰ ਗਹਿਰਾ ਦੁੱਖ ਜ਼ਾਹਿਰ ਕੀਤਾ ਪਰ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪ੍ਰਧਾਨ ਮੰਤਰੀ ਵਲੋਂ ਕੈਥੋਲਿਕ ਚਰਚ ਨੂੰ ਜ਼ਿੰਮੇਵਾਰੀ ਲੈਣ ਦਾ ਉਨ੍ਹਾਂ ਦਾ ਸੱਦਾ ਅਣਉਚਿੱਤ ਹੈ। ਕਾਰਡੀਨਲ ਥਾਮਸ ਕੋਲਿਨਸ ਨੇ ਇਹ ਵੀ ਕਿਹਾ ਕਿ ਇਹ ਬਹੁਤ ਮਹੱਤਵਪੂਰਣ ਹੈ ਜਦੋਂ ਪੋਪ ਫਰਾਂਸਿਸ ਨੇ ਕੈਨੇਡੀਅਨ ਸਵਦੇਸ਼ੀ ਬੱਚਿਆਂ ਦੇ ਸਨਮਾਨ ਵਿਚ ਐਤਵਾਰ ਮੋਨ ਧਾਰਨ ਕਰਕੇ ਪ੍ਰਾਰਥਨਾ ਕੀਤੀ ਸੀ ਜਿਹੜੇ ਰੈਜ਼ੀਡੈਂਸ਼ਲ ਸਕੂਲਾਂ ਵਿਚ ਮਰ ਗਏ ਸਨ ਪਰ ਇਸ ਦੇ ਬਾਵਜੂਦ ਸਕੂਲਾਂ ਵਿਚ ਚਰਚ ਦੀ ਭਾਈਵਾਲੀ ਲਈ ਲਈ ਮੁਆਫੀ ਦੀ ਪੇਸ਼ਕਸ਼ ਨਹੀਂ ਕੀਤੀ। ਕੈਨੇਡੀਅਨ ਪ੍ਰੈਸ ਨਾਲ ਮੁਲਾਕਾਤ ਅਤੇ ਟੋਰਾਂਟੋ ਵਿਚ ਸਰਵਿਸ ਵਿਖੇ ਟਿੱਪਣੀਆਂ ਵਿਚ ਕੋਲਿਨਸ ਨੇ ਸੰਸਥਾਵਾਂ ਵਿਖੇ ਬੱਚਿਆਂ ਵਲੋਂ ਹੰਢਾਏ ਸੰਤਾਪ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਅੰਤਰਰਾਸ਼ਟਰੀ ਸੈਲਾਨੀਆਂ ਨੂੰ ਕੈਨੇਡਾ ਆਉਣ ਦੀ ਯੋਜਨਾ 'ਤੇ ਵਿਚਾਰ-ਟਰੂਡੋ

[ਸਫ਼ਾ 1 ਦੀ ਬਾਕੀ]

ਨੇ ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਲਾਗੂ ਗੈਰ ਜ਼ਰੂਰੀ ਯਾਤਰੀਆਂ ਦੇ ਆਉਣ ਜਾਣ 'ਤੇ ਲੱਗੀ ਪਾਬੰਦੀ 'ਤੇ ਵਿਚਾਰ ਕੀਤਾ ਜਦਕਿ ਕੋਵਿਡ-19 ਦੇ ਵੈਰੀਐਂਟ ਕਾਰਨ ਭਾਰਤ ਤੇ ਬਰਤਾਨੀਆ ਵਰਗੇ ਦੇਸ਼ਾਂ ਤੋਂ ਸਿੱਧੀਆਂ ਉਡਾਨਾਂ 'ਤੇ ਪਾਬੰਦੀ ਨੇ ਚਿੰਤਾਵਾਂ ਪੈਦਾ ਕੀਤੀਆਂ ਹਨ। ਟਰੂਡੋ ਨੇ ਕਿਹਾ ਕਿ ਉਹ ਵਿਦੇਸ਼ੀ ਯਾਤਰੀਆਂ ਦੇ ਕੈਨੇਡਾ ਯਾਤਰਾ ਦੀ ਵਧੇਰੇ ਰੁਚੀ ਹੋਣ ਦੀ ਆਸ ਕਰਦੇ ਹਨ ਕਿਉਂਕਿ ਟੀਕਾਕਰਣ ਦੀ ਦਰ ਵਧਣ ਅਤੇ ਹੋਰ ਦੇਸ਼ਾਂ ਦੇ ਮੁਕਾਬਲੇ ਮਾਮਲਿਆਂਦੀ ਗਿਣਤੀ ਬਿਹਤਰ ਹੋਣ ਕਾਰਨ ਪਾਬੰਦੀਆਂ ਨਰਮ ਕਰ ਦਿੱਤੀਆਂ ਗਈਆਂ ਹਨ। ਬਾਅਦ ਦੁਪਹਿਰ ਇਕ ਸਮਾਗਮ ਦੌਰਾਨ ਟਰੂਡੋ ਨੇ ਕਿਹਾ ਕਿ ਕੈਨੇਡਾ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਪਹੁੰਚਣ ਤੋਂ ਪਹਿਲਾਂ ਟੀਕਾਕਰਣ ਪੂਰਾ ਕਰਨ ਦੀ ਲੋੜ ਹੈ ਕਿਉਂਕਿ ਕੈਨੇਡਾ ਕੋਵਿਡ-19 ਦੀ ਹੋਰ ਵੇਵ ਦਾ ਜ਼ੋਖਮ ਨਹੀਂ ਲੈ ਸਕਦਾ। ਟਰੂਡੋ ਨੇ ਕਿਹਾ ਕਿ ਚੌਥੀ ਵੇਵ ਕਾਰੋਬਾਰਾਂ ਅਤੇ ਦੇਸ਼ ਦੇ ਮਨੋਬਲ ਲਈ ਵਿਨਾਸ਼ਕਾਰੀ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਵਿਦੇਸ਼ਾਂ ਤੋਂ ਯਾਤਰੀਆਂ ਦਾ ਮੁੜ ਸਵਾਗਤ ਸ਼ੁਰੂ ਕਰਨ ਦੇ ਤਰੀਕਿਆਂ 'ਤੇ ਵਿਚਾਰ ਕਰ ਰਹੀ ਹੈ ਕਿਉਂਕਿ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਕੈਨੇਡਾ, ਅਮਰੀਕਾ ਅਤੇ ਵਿਸ਼ਵ ਵਿਚ ਹੋਰਨੀ ਥਾਈਂ ਮਾਮਲੇ ਘਟ ਗਏ ਹਨ ਅਤੇ ਸੰਕਟ ਵਿਚ ਘਿਰੇ ਸੈਰਸਪਾਟਾ ਸੈਕਟਰ ਦੀ ਮਦਦ ਵੀ ਕਰਨੀ ਹੈ। ਸੇਂਟ ਜੌਹਨਸ ਬੋਰਡ ਆਫ ਟਰੇਡ ਵਲੋਂ ਆਯੋਜਿਤ ਸਮਾਗਮ ਵਿਚ ਵਰਚੂਅਲ ਤਰੀਕੇ ਨਾਲ ਸ਼ਾਮਿਲ ਹੁੰਦਿਆਂ ਟਰੂਡੋ ਨੇ ਕਿਹਾ ਕਿ ਇਸ ਮਹਾਂਮਾਰੀ ਦੌਰਾਨ ਅਸੀਂ ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਨਾ ਕੇਵਲ ਮਾਮਲੇ ਘੱਟ ਰੱਖਣ ਵਿਚ ਸਫਲ ਰਹੇ ਹਾਂ ਸਗੋਂ ਅਸੀਂ ਟੀਕਾਕਰਣ ਦੇ ਮਾਮਲੇ ਵਿਚ ਵੀ ਬਹੁਤ ਅੱਗੇ ਹਾਂ ਅਤੇ ਇਹੀ ਗੱਲ ਬਹੁਤ ਸਾਰੇ ਲੋਕਾਂ ਨੂੰ ਮੁੜ ਭਰੋਸਾ ਦੇ ਰਹੀ ਹੈ ਜਿਹੜੇ ਸਫਰ ਤਾਂ ਕਰਨਾ ਚਾਹੁੰਦੇ ਹਨ ਪਰ ਆਪਣੇ ਪਰਿਵਾਰਾਂ ਨੂੰ ਖ਼ਤਰੇ ਵਿਚ ਨਹੀਂ ਪਾਉਣਾ ਚਾਹੁੰਦੇ।

## ਬੋਰਿਸ ਜੌਹਨਸਨ ਨੇ 2022 ਤੱਕ ਸਾਰੇ ਵਿਸ਼ਵ ਦੇ ਟੀਕਾਕਰਣ ਲਈ ਜੀ-7 ਨੂੰ ਦਿੱਤਾ ਸੱਦਾ

ਲੰਡਨ-ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਅਮੀਰ ਦੇਸ਼ਾਂ ਦੇ ਗਰੁੱਪ ਆਫ ਸੈਵਨ (ਜੀ-7) ਦੇ ਨੇਤਾਵਾਂ ਨੂੰ ਸੱਦਾ ਦਿੱਤਾ ਕਿ ਜਦੋਂ ਅਗਲੇ ਹਫ਼ਤੇ ਬ੍ਰਿਟੇਨ ਵਿਚ ਉਨ੍ਹਾਂ ਦੀ ਮੀਟਿੰਗ ਹੋਵੇਗੀ ਤਾਂ ਉਹ 2022 ਦੇ ਆਖਰ ਤਕ ਕੋਵਿਡ-19 ਖਿਲਾਫ ਸਾਰੇ ਵਿਸ਼ਵ ਦੇ ਟੀਕਾਕਰਣ ਬਾਰੇ ਵਚਨਬੱਧ ਹੋਣ। ਅਮੀਰ ਦੇਸ਼ਾਂ ਨੇ ਆਪਣੀ ਆਬਾਦੀ ਦੇ ਵੱਡੇ ਹਿੱਸੇ ਦਾ ਟੀਕਾਕਰਣ ਕਰ ਦਿੱਤਾ ਜਦਕਿ ਬਹੁਤੇ ਗਰੀਬ ਦੇਸ਼ਾਂ ਦੀ ਟੀਕਿਆਂ ਤਕ ਇਸ ਤਰ੍ਹਾਂ ਦੀ ਪਹੁੰਚ ਨਹੀਂ। ਜੌਹਨਸਨ ਲਗਪਗ ਦੋ ਸਾਲਾਂ ਵਿਚ ਪਹਿਲੀ ਵਾਰ ਨਿੱਜੀ ਰੂਪ ਵਿਚ ਮੀਟਿੰਗ ਦੀ ਮੇਜ਼ਬਾਨੀ ਕਰਨਗੇ। ਇਸ ਤੋਂ ਪਹਿਲਾਂ ਗਰੁੱਪ ਦੇ ਵਿੱਤ ਮੰਤਰੀਆਂ ਦੀ ਮੀਟਿੰਗ ਹੋਈ ਸੀ। ਜੌਹਨਸਨ ਨੇ ਕਿਹਾ ਕਿ ਉਹ ਵਿਸ਼ਵਵਿਆਪੀ ਟੀਕਾਕਰਣ ਨਿਸ਼ਾਨੇ ਲਈ ਪ੍ਰਣ ਦੀ ਮੰਗ ਕਰਨਗੇ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਅਗਲੇ ਸਾਲ ਦੇ ਅਖੀਰ ਤਕ ਵਿਸ਼ਵ ਦਾ ਟੀਕਾਕਰਣ ਮੈਡੀਕਲ ਇਤਿਹਾਸ ਵਿਚ ਇਕੱਲਾ ਸਭ ਤੋਂ ਵੱਡਾ ਕਾਰਨਾਮਾ ਹੋਵੇਗਾ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS
Your Lawyers, Because We Care
- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS
#208 7110 120TH ST,
SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM




## ਕੈਮਲੂਪਸ ਰਿਹਾਇਸ਼ੀ ਸਕੂਲ ਦਾ ਮੂਲਨਿਵਾਸੀ ਦੁਖਾਂਤ

# ਮਾਨਵਤਾ ਦੇ ਦੋਸ਼ੀ : ਬਸਤੀਵਾਦੀ ਹਾਕਮ ਤੇ ਧਰਮਾਂ ਵਾਲੇ

**ਸੁਖਵਿੰਦਰ ਸਿੰਘ ਚੋਹਲਾ**

ਮਾਨਵੀ ਇਤਿਹਾਸ ਮਨੁੱਖ ਵੱਲੋ ਮਨੁੱਖ ਉਪਰ ਕੀਤੀਆਂ ਜ਼ਿਆਦਤੀਆਂ, ਜ਼ੁਲਮ ਅਤੇ ਦਿਲ ਕੰਬਾਊ ਘਟਨਾਵਾਂ ਨਾਲ ਭਰਿਆ ਪਿਆ ਹੈ। ਰਾਜਾਸ਼ਾਹੀ ਤੋ ਲੈਕੇ ਅਜੋਕੀ ਲੋਕਤਾਂਤਰਿਕ ਪ੍ਰਣਾਲੀ ਤੱਕ ਸਮੇਂ ਦੇ ਹਾਕਮਾਂ ਨੇ ਸੱਤਾ ਪ੍ਰਾਪਤੀ ਜਾਂ ਸੱਤਾ ਮਜ਼ਬੂਤੀ ਲਈ ਜਿਵੇਂ ਧਰਮ ਅਤੇ ਧਾਰਮਿਕ ਸੰਸਥਾਵਾਂ ਨੂੰ ਵਰਤਿਆ ਜਾਂ ਮਿਲੀਭੁਗਤ ਨਾਲ ਵਿਰੋਧੀਆਂ ਨੂੰ ਮਾਤ ਦੇਣ ਦੇ ਪਰਪੰਚ ਰਚਾਏ , ਅਨੇਕਾਂ ਬਿਰਤਾਂਤ ਇਤਿਹਾਸ ਦੇ ਪੰਨਿਆਂ ਉਪਰ ਬਿਖਰੇ ਪਏ ਹਨ। ਸੱਤਾ ਪ੍ਰਾਪਤੀ ਤੇ ਲਾਲਸਾ ਦੀ ਹੱਦ ਤੋ ਪਾਰ ਜਾਂਦਿਆਂ ਅਜਿਹੇ ਦੁਖਦਾਈ ਕਾਂਡ ਵੀ ਰਚੇ ਜਿਹਨਾਂ ਕਾਰਣ ਮਨੁੱਖਤਾ ਸ਼ਰਮਸਾਰ ਹੁੰਦੀ ਆਈ ਹੈ।

ਕਮਜ਼ੋਰ ਤੇ ਪੱਛੜੀਆਂ ਧਿਰਾਂ ਨੂੰ ਗੁਲਾਮ ਬਣਾਉਣ ਤੇ ਉਹਨਾਂ ਉਪਰ ਰਾਜ ਕਰਨ ਵਾਲੀਆਂ ਸ਼ਕਤੀਸ਼ਾਲੀ ਧਿਰਾਂ ਦੇ ਵਾਰਿਸ ਅਜੋਕੇ ਸਮੇਂ ਵਿਚ ਭਾਵੇਂ ਆਪਣੇ ਵਡੇਰਿਆਂ ਦੇ ਅਜਿਹੇ ਸ਼ਰਮਨਾਕ ਕਾਰਿਆਂ ਲਈ ਤੌਬਾ ਵੀ ਕਰਦੇ ਹਨ ਤੇ ਮੁਆਫੀਆਂ ਵੀ ਮੰਗਦੇ ਹਨ ਪਰ ਸੱਚਾਈ ਇਹ ਹੈ ਕਿ ਮਨੁੱਖੀ ਸਭਿਆਚਾਰ ਸੌੜੀਆਂ ਸੋਚਾਂ ਦੀ ਭਟਕਣ ਤੋਂ ਕਦੇ ਮੁਕਤ ਨਹੀ ਹੋ ਪਾਉਂਦਾ।

ਪਿਛਲੇ ਦਿਨੀਂ ਕੈਪਲੂਪਸ ਦੇ ਇਕ ਰੈਜੀਡੈਂਸ਼ੀਅਲ ਸਕੂਲ ਦੇ ਅਹਾਤੇ ਚੋ 215 ਮੂਲਨਿਵਾਸੀ ਬੱਚਿਆਂ ਦੇ ਪਿੰਜਰ ਮਿਲਣ ਦੀ ਘਟਨਾ ਨੇ ਕੈਨੇਡਾ ਵਿਚ ਬਸਤੀਵਾਦੀ ਹਾਕਮਾਂ ਦੁਆਰਾ ਮੂਲਨਿਵਾਸੀਆਂ ਦੇ ਨਸਲਘਾਤ ਦੇ ਕਾਲੇ ਇਤਿਹਾਸ ਦੇ ਇਕ ਹੋਰ ਪੰਨੇ ਨੂੰ ਉਜਾਗਰ ਕੀਤਾ ਹੈ। ਬਸਤੀਵਾਦੀ ਹਾਕਮਾਂ ਨੇ ਇਸ ਮੁਲਕ ਵਿਚ ਆਪਣੀਆਂ ਜੜਾਂ ਦੀ ਮਜ਼ਬੂਤੀ ਲਈ ਮੂਲਨਿਵਾਸੀਆਂ ਨਾ ਜੋ ਕੁਝ ਕੀਤਾ, ਉਸ ਸਬੰਧੀ ਅਜਿਹੀਆਂ ਦਿਲ ਕੰਬਾਊ ਅਨੇਕਾਂ ਕਹਾਣੀਆਂ ਹਨ। ਕੈਨੇਡਾ ਸਰਕਾਰ ਵਲੋ ਇਸ ਸਬੰਧੀ ਪਹਿਲਾਂ ਹੀ ਇਕ ' ਸੱਚਾਈ ਅਤੇ ਨਿਆਂਇਕ ਕਮਿਸ਼ਨ' ਸਥਾਪਿਤ ਕੀਤਾ ਸੀ ਜਿਸ ਵਲੋ ਆਪਣੀ ਰਿਪੋਰਟ ਵਿਚ ਕੈਨੇਡੀਅਨ ਰਿਹਾਇਸ਼ੀ ਸਕੂਲਾਂ ਵਿਚ ਮੂਲਨਿਵਾਸੀ ਬੱਚਿਆਂ ਦੇ ਭੇਦਭਰੀ ਹਾਲਤ ਵਿਚ ਮਾਰੇ ਜਾਣ ਦੀ ਗਿਣਤੀ 3200 ਤੱਕ ਦੱਸੀ ਗਈ ਸੀ। ਇਸ ਕਮਿਸ਼ਨ ਵਲੋ ਆਪਣੀ ਪੜਤਾਲ ਦਾ ਦਾਇਰਾ ਵਧਾਉਣ ਲਈ ਤਤਕਾਲੀ ਹਾਰਪਰ ਸਰਕਾਰ ਕੋਲੋ ਗਰਾਂਟ ਦੀ ਮੰਗ ਕੀਤੀ ਗਈ ਪਰ ਹਾਰਪਰ ਸਰਕਾਰ ਨੇ ਪਤਾ ਨਹੀ ਕਿਉਂ ਇਨਕਾਰੀ ਦਾ ਫੱਟਾ ਲਗਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਇਸ ਕਮਿਸ਼ਨ ਵਲੋ 1870 ਤੋ ਲੈਕੇ 1920 ਤੱਕ ਕਾਰਜਸ਼ੀਲ ਰਹੇ ਰਿਹਾਇਸ਼ੀ ਸਕੂਲਾਂ ਵਿਚ ਮੂਲਨਿਵਾਸੀ ਬੱਚਿਆਂ ਨਾਲ ਹੋਏ ਅਮਾਨਵੀ ਵਿਹਾਰ ਅਤੇ ਮੌਤਾਂ ਬਾਰੇ ਜਾਂਚ ਕੀਤੀ ਗਈ। ਜਾਂਚ ਵਿਚ ਕੇਵਲ 139 ਰਿਹਾਇਸ਼ੀ ਸਕੂਲਾਂ ਨੂੰ ਸ਼ਾਮਿਲ ਕੀਤਾ ਗਿਆ ਸੀ ਜਦੋਕਿ ਇਸ ਸਮੇ ਦੌਰਾਨ ਲਗਪਗ 1300 ਤੋ ਉਪਰ ਰਿਹਾਇਸ਼ੀ ਸਕੂਲ ਚਲਾਏ ਗਏ। ਸਰਕਾਰ ਦੁਆਰਾ ਇਹਨਾਂ ਸਕੂਲਾਂ ਦੀ ਸਰਪ੍ਰਸਤੀ ਕੈਥੋਲਿਕ ਚਰਚ ਨੂੰ ਦਿੱਤੀ ਗਈ ਸੀ। ਕੈਥੋਲਿਕ ਚਰਚ ਹੀ ਇਹਨਾਂ ਮੂਲਨਿਵਾਸੀ ਬੱਚਿਆਂ ਨੂੰ ਅੰਗਰੇਜ਼ੀ ਭਾਸ਼ਾ ਤੇ ਹੋਰ ਵਿਸ਼ਿਆਂ ਦੀ ਪੜਾਈ ਦੇ ਨਾਲ ਧਾਰਮਿਕ ਸਿਖਿਆ ਪ੍ਰਦਾਨ ਕਰਦੀ ਸੀ ਭਾਵ ਇਹਨਾਂ ਮੂਲਨਿਵਾਸੀ ਬੱਚਿਆਂ ਨੂੰ ਉਹਨਾਂ ਦੇ ਮੂਲ ਨਾਲੋਂ ਤੋੜਕੇ ਨਿਸ਼ਠਾਵਾਨ ਇਸਾਈ ਬਣਾਉਣ ਦੀ ਵੱਡੀ ਜ਼ਿੰਮੇਵਾਰੀ ਨਿਭਾਅ ਰਹੀ ਸੀ। ਕੈਨੇਡਾ ਭਰ ਵਿਚ ਚਲਦੇ ਰਹੇ ਇਹਨਾਂ ਰਿਹਾਇਸ਼ੀ ਸਕੂਲਾਂ ਵਿਚ ਮੂਲਨਿਵਾਸੀ ਰਿਜ਼ਰਵ ਥਾਵਾਂ ਤੋ ਬੱਚਿਆਂ ਨੂੰ ਜਬਰੀ ਲਿਆਕੇ ਰੱਖਿਆ ਗਿਆ ਤੇ ਬਹਾਨਾ ਇਹ ਬਣਾਇਆ ਗਿਆ ਕਿ ਉਹਨਾਂ ਨੂੰ ਚੰਗੇ ਤੇ ਆਧੁਨਿਕ ਸ਼ਹਿਰੀ ਬਣਾਇਆ ਜਾ ਰਿਹਾ ਹੈ। ਜਦੋਕਿ ਅਸਲੀਅਤ ਇਹ ਸੀ ਉਹਨਾਂ ਨੂੰ ਇਕ ਖਾਸ ਧਰਮ ਵਿਚ ਪਰਪੱਕ ਕੀਤੇ ਜਾਣ ਲਈ ਕੈਥੋਲਿਕ ਚਰਚ ਨੇ ਜ਼ਿੰਮੇਵਾਰੀ ਤਾਂ ਲੈ ਲਈ ਪਰ ਉਹਨਾਂ ਦੀਆਂ ਬੁਨਿਆਦੀ ਲੋੜਾਂ ਤੇ ਸਹੂਲਤਾਂ ਵੱਲ ਪੂਰਾ ਧਿਆਨ ਨਾ ਦਿੱਤਾ । ਸਿਹਤ ਸਹੂਲਤਾਂ ਦੀ ਘਾਟ ਅਤੇ ਕੁਪੋਸ਼ਣ ਕਾਰਣ ਇਹਨਾਂ ਸਕੂਲਾਂ ਦੇ ਬੱਚੇ ਕਈ ਬੀਮਾਰੀਆਂ ਦੇ ਸ਼ਿਕਾਰ ਹੋ ਗਏ। ਟੀ ਬੀ ਦੀ ਬੀਮਾਰੀ ਫੈਲਣ ਨਾਲ ਵੱਡੀ ਗਿਣਤੀ ਵਿਚ ਬੱਚਿਆਂ ਦੀਆਂ ਮੌਤਾਂ ਹੋਈਆਂ। ਕਈ ਸਕੂਲਾਂ ਵਿਚ ਅਗਜ਼ਨੀ ਦੀਆਂ ਘਟਨਾਵਾਂ ਵੀ ਵਾਪਰੀਆਂ ਪਰ ਉਹਨਾਂ ਸਮਿਆਂ ਵਿਚ ਅੱਗ ਬਚਾਉ ਸਾਧਨਾਂ ਦੀ ਘਾਟ ਕਾਰਣ ਕਈ ਬੱਚੇ ਮਾਰੇ ਗਏ। ਅਗਜ਼ਨੀ ਦੀਆਂ ਦੋ ਵੱਡੀਆਂ ਘਟਨਾਵਾਂ 1921 ਵਿਚ ਸਸਕੈਚਵਨ ਅਤੇ ਮੈਨੀਟੋਬਾ ਰਿਹਾਇਸ਼ੀ ਸਕੂਲਾਂ ਵਿਚ ਵਾਪਰੀਆਂ। ਇਹਨਾਂ ਵਿਚ ਕ੍ਰਮਵਾਰ 19 ਤੇ 12 ਬੱਚੇ ਮਾਰੇ ਗਏ। ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਤੋ ਜਬਰੀ ਲਿਆਉਣ ਕਾਰਣ ਬੱਚਿਆਂ ਵਿਚ ਘਰ ਦਾ ਹੇਰਵਾ ਵੀ ਰੋਗ ਵਾਂਗ ਫੈਲਿਆ। ਕੁਝ ਘਟਨਾਵਾਂ ਤਾਂ ਅਜਿਹੀਆਂ ਵੀ ਵਾਪਰੀਆਂ ਕਿ ਬੱਚੇ ਰਾਤ ਬਰਾਤੇ ਰਿਹਾਇਸ਼ੀ ਸਕੂਲਾਂ ਵਿਚੋ ਭੱਜ ਜਾਂਦੇ ਜਿਹਨਾਂ ਨੂੰ ਸਕੂਲ ਪ੍ਰਬੰਧਕਾਂ ਨੇ ਲੱਭਣ ਦੇ ਕਦੇ ਯਤਨ ਨਾ ਕੀਤੇ। ਅਲਬਰਟਾ ਅਤੇ ਮੈਨੀਟੋਬਾ ਵਿਚ ਜਮਾ ਦੇਣ ਵਾਲੀ ਸਰਦੀ ਕਾਰਣ ਕਈਆਂ ਬੱਚੇ ਸਕੂਲਾਂ ਚੋ ਨਿਕਲਕੇ ਬਾਹਰ ਸਖਤ ਸਰਦੀ ਕਾਰਣ ਮਾਰੇ ਗਏ। ਇਸ ਸਬੰਧੀ 1937 ਦੀ ਇਕ ਘਟਨਾ ਦਾ ਵਿਸ਼ੇਸ਼ ਜ਼ਿਕਰ ਹੈ ਜਦੋ ਰਿਹਾਇਸ਼ੀ ਸਕੂਲ ਚੋ ਰਾਤ ਦੇ ਹਨੇਰੇ ਵਿਚ ਸੂਕਲੋਂ ਭੱਜੇ 8-9 ਬੱਚੇ ਸਕੂਲ ਤੋ ਥੋੜੀ ਦੂਰ ਹੀ ਬਰਫ ਵਿਚ ਜੰਮੇ ਮ੍ਰਿਤਕ ਮਿਲੇ ਸਨ। ਇਹਨਾਂ ਸਕੂਲਾਂ ਵਿਚ ਟੀਬੀ ਨਾਲ ਮਰਨ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਕੋਈ ਖਬਰ ਨਹੀ ਦਿੱਤੀ ਗਈ। ਕੋਈ ਵੀ ਬੱਚਾ ਮਰ ਜਾਂਦਾ ਤਾਂ ਸਕੂਲ ਨੇੜੇ ਹੀ ਦਫਨਾ ਦਿੱਤਾ ਜਾਂਦਾ। ਟੋਰਾਂਟੋ ਦੀ ਇਕ ਆਦਿਵਾਸੀ ਮਾਂ ਦੀ ਕਹਾਣੀ ਹੈ ਕਿ ਕਿਵੇਂ ਉਹ ਆਪਣੇ ਬੱਚੇ ਦੀ ਲਾਸ਼ ਦੀਆਂ ਆਖਰੀ ਰਸਮਾਂ ਵਾਸਤੇ ਲਿਲਕੜੀਆਂ ਲੈਂਦੀ ਰਹੀ ਪਰ ਸਕੂਲ ਪ੍ਰਬੰਧਕਾਂ ਨੇ ਉਸਦੀ ਇਕ ਨਾ ਸੁਣੀ। ਰਿਹਾਇਸ਼ੀ ਸਕੂਲਾਂ ਵਿਚ ਵਾਪਰੀਆਂ ਅਜਿਹੀਆਂ ਹਿਰਦੇਵੇਧਕ ਘਟਨਾਵਾਂ ਦੀ ਕਈ ਕਹਾਣੀਆਂ ਹਨ। ਪਰ ਇਹਨਾਂ ਦੀ ਕਿਤੇ ਵੀ ਪੁਲਿਸ ਰਿਪੋਰਟ, ਜਾਂਚ, ਮ੍ਰਿਤਕਾਂ ਦੀ ਪਛਾਣ ਜਾਂ ਮਾਪਿਆਂ ਨੂੰ ਜਾਣਕਾਰੀ ਦੇਣ ਦੀ ਲੋੜ ਨਾਲ ਸਮਝੀ ਗਈ। ਕੀ ਇਹ ਧਰਮ ਦੇ ਉਹਲੇ ਵਿਚ ਰੱਬ ਦੇ ਨਾਮ ਹੇਠ ਘੋਰ ਪਾਪ ਨਹੀ ?

ਤਾਜ਼ਾ ਅਖਬਾਰੀ ਰਿਪੋਰਟਾਂ ਮੁਤਾਬਿਕ ਰਿਹਾਇਸ਼ੀ ਸਕੂਲਾਂ ਵਿਚ ਬੱਚਿਆਂ ਦੀਆਂ ਕੁਲ ਮੌਤਾਂ ਦੀ ਗਿਣਤੀ 6,000 ਤੋ 15,000 ਤੱਕ ਹੋ ਸਕਦੀ ਹੈ। ਕੈਪਲੂਪਸ ਦੇ ਰਿਹਾਇਸ਼ੀ ਸਕੂਲ ਦੇ ਇਸ ਦੁਖਾਂਤ ਦਾ ਖੁਲਾਸਾ ਹੋਣ ਉਪਰੰਤ ਕੈਨੇਡਾ ਤੋ ਬਾਹਰ ਯੂ ਐਨ ਓ ਤੱਕ ਇਸਦੀ ਗੂੰਜ ਸੁਣਾਈ ਦਿੱਤੀ ਹੈ। ਯੂ ਐਨ ਓ ਨੇ ਰਿਹਾਇਸ਼ੀ ਸਕੂਲਾਂ ਦੇ ਕੈਥੋਲਿਕ ਚਰਚ ਦੇ ਪ੍ਰਬੰਧਾਂ ਹੇਠ 120 ਸਾਲ ਦੇ ਅਰਸੇ ਦੌਰਾਨ ਪੂਰੀ ਜਾਂਚ ਕਰਵਾਉਣ ਲਈ ਕਿਹਾ ਹੈ ਜਦੋਕਿ ਪ੍ਰਧਾਨ ਮੰਤਰੀ ਟਰੂਡੋ ਨੇ ਜਿਥੇ ਇਸ ਦੁਖਾਂਤ ਨੂੰ ਮੁਲਕ ਲਈ ਸ਼ਰਮਨਾਕ ਕਰਾਰ ਦਿੱਤਾ ਹੈ ਉਥੇ ਕੈਥੋਲਿਕ ਚਰਚ ਨੂੰ ਇਸ ਦੁਖਾਂਤ ਦੀ ਜਿੰਮੇਵਾਰੀ ਕਬੂਲਣ ਦਾ ਵੀ ਸੱਦਾ ਦਿੱਤਾ ਹੈ। ਕੈਥੋਲਿਕ ਚਰਚ ਦੇ ਕਾਰਡੀਨਲਜ ਵਲੋ ਇਸ ਦੁਖਾਂਤ ਤੇ ਅਫਸੋਸ ਤਾਂ ਪ੍ਰਗਟ ਕੀਤਾ ਗਿਆ ਹੈ ਪਰ ਉਹਨਾਂ ਨੇ ਜ਼ਿੰਮੇਵਾਰੀ ਨਹੀ ਕਬੂਲੀ। ਪੋਪ ਫਰਾਂਸਿਸ ਵੀ ਇਹ ਜ਼ਿੰਮੇਵਾਰੀ ਲੈਣ ਤੋ ਇਨਕਾਰੀ ਲੱਗਦੇ ਹਨ। ਚਰਚ ਦੀ ਸੋਚ ਸ਼ਾਇਦ ਇਹ ਹੈ ਕਿ ਉਸਨੇ ਤਾਂ ਕੈਨੇਡੀਅਨ ਬਸਤੀਵਾਦੀ ਹਾਕਮਾਂ ਦੀ ਸਥਾਪਤੀ ਲਈ ਮੂਲਨਿਵਾਸੀਆਂ ਨੂੰ ਮੁੱਖ ਧਾਰਾ ਦੇ ਵਹਿਣ ਦਾ ਹਿੱਸਾ ਬਣਾਉਣ ਲਈ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਕੋਈ ਕਸਰ ਨਹੀ ਛੱਡੀ। ਇਸ ਦੌਰਾਨ "ਬਲੈਕ ਲਾਈਵ ਮੈਟਰਜ਼" ਮੁਹਿੰਮ ਵਾਂਗ ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਮੈਕਡੋਨਲਡ ਦੇ ਨਾਮ ਦੀ ਮੁੜ ਚਰਚਾ ਹੋਣ ਲੱਗੀ ਹੈ। ਉਹਨਾਂ ਨੇ ਹੀ ਇਹਨਾਂ ਰਿਹਾਇਸ਼ੀ ਸਕੂਲਾਂ ਦੀ ਨੀਤੀ ਲਾਗੂ ਕੀਤੀ ਸੀ। ਕੈਨੇਡੀਅਨ ਇਤਿਹਾਸ ਵਿਚ ਸਰ ਵਿਲਫਰਿਡ ਲੌਰੀਅਰ ਵਲੋ "ਹੈਡ ਟੈਕਸ" ਅਤੇ ਚੀਨੀ ਅਤੇ ਸਾਊਥ ਏਸ਼ੀਅਨ ਇਮੀਗ੍ਰਾਂਟਸ ਨੂੰ ਰੋਕੇ ਜਾਣ ਲਈ ਲਿਆਂਦੇ ਅਮਾਨਵੀ ਕਨੂੰਨਾਂ ਅਤੇ ਕਿੰਗ ਮਕੈਂਜੀ ਵਲੋ ਯਹੂਦੀਆਂ ਨੂੰ ਕੈਨੇਡਾ ਵਿਚ ਸ਼ਰਨ ਦੇਣ ਤੋ ਇਨਕਾਰ ਕੀਤੇ ਜਾਣ ਦੀਆਂ ਘਟਨਾਵਾਂ ਨੂੰ ਵੀ ਕੈਨੇਡਾ ਦੇ ਕਾਲੇ ਇਤਿਹਾਸ ਵਜੋ ਯਾਦ ਕੀਤਾ ਜਾਂਦਾ ਹੈ। ਰਿਹਾਇਸ਼ੀ ਸਕੂਲਾਂ ਵਿਚ ਮੂਲਨਿਵਾਸੀਆਂ ਬੱਚਿਆਂ ਦੀਆਂ ਮੌਤਾਂ ਨੂੰ ਨਸਲਕੁਸ਼ੀ ਜਾਂ ਸਭਿਆਚਾਰਕ ਨਸਲਕੁਸ਼ੀ ਕਿਹਾ ਜਾ ਰਿਹਾ ਹੈ ਪਰ ਪ੍ਰਧਾਨ ਮੰਤਰੀ ਟਰੂਡੋ ਇਸਨੂੰ ਮੂਲਨਿਵਾਸੀਆਂ ਦੀ ਭਾਸ਼ਾ ਤੇ ਸਭਿਆਚਾਰ ਨੂੰ ਖਤਮ ਕੀਤੇ ਜਾਣ ਦੀ ਬਸਤੀਵਾਦੀ ਨੀਤੀ ਦਾ ਹਿੱਸਾ ਤਾਂ ਮੰਨਦੇ ਹਨ ਪਰ ਨਸਲਕੁਸ਼ੀ ਨਹੀ। ਉਂਜ ਉਹਨਾਂ ਦਾ ਇਹ ਕਹਿਣਾ ਕਿ ਕੈਨੇਡਾ ਮੂਲਨਿਵਾਸੀਆਂ ਪ੍ਰਤੀ ਆਪਣਾ ਫਰਜ਼ ਨਿਭਾਉਣ ਵਿਚ ਅਸਫਲ ਰਿਹਾ ਹੈ, ਵੀ ਇਸ ਦੁਖਾਂਤ ਨੂੰ ਸਮਝਣ ਲਈ ਅਰਥ ਰੱਖਦਾ ਹੈ। ਕੰਸਰਵੇਟਿਵ ਆਗੂ ਐਰਿਨ ਓਟੂਲ ਤੇ ਐਨ ਡੀ ਪੀ ਆਗੂ ਜਗਮੀਤ ਸਿੰਘ ਮੂਲਨਿਵਾਸੀਆਂ ਨਾਲ ਇਤਿਹਾਸ ਵਿਚ ਹੋਏ ਅਨਿਆਂ ਖਿਲਾਫ ਸਰਕਾਰ ਵਲੋ ਵਿਸ਼ੇਸ਼ ਕਦਮ ਉਠਾਉਣ ਲਈ ਸਹਿਮਤ ਹਨ। ਕੈਮਲੂਪਸ ਦੀ ਘਟਨਾ ਨੇ ਕੈਨੇਡੇ ਦੇ ਵਿਸ਼ਵ ਵਿਚ ਮਾਨਵੀ ਹੱਕਾਂ ਦੇ ਅਲੰਬਰਦਾਰ ਵਾਲੇ ਕਿਰਦਾਰ ਨੂੰ ਜਿਥੇ ਵੱਡੀ ਠੇਸ ਪਹੁੰਚਾਈ ਹੈ ਉਥੇ ਮੂਲਨਿਵਾਸੀਆਂ ਨਾਲ ਬੇਇਨਸਾਫੀ ਅਤੇ ਅਨਿਆਂ ਖਿਲਾਫ ਇਕ ਨਵੀ ਚਰਚਾ ਵੀ ਛੇੜ ਦਿੱਤੀ ਹੈ। ਇਸ ਘੜੀ ਮੂਲਨਿਵਾਸੀਆਂ ਨਾਲ ਸੰਵੇਦਨਾ ਤੋ ਇਲਾਵਾ ਕੈਥੋਲਿਕ ਚਰਚ ਤੇ ਪੋਪ ਵਲੋ ਮੁਆਫੀ ਤੇ ਜਿੰਮੇਵਾਰੀ ਕਬੂਲਣਾ ਮੂਲਨਿਵਾਸੀਆਂ ਨੂੰ ਕੈਨੇਡੀਅਨ ਸਮਾਜ ਨਾਲ ਮਿਲਕੇ ਅੱਗੇ ਵਧਣ ਲਈ ਚੰਗਾ ਸੰਦੇਸ਼ ਹੋ ਸਕਦੀ ਹੈ।

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ


ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

OASIS WINDOWS INC.
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR | MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

# ਵੈਨਕੂਵਰ ਦੇ ਸਿੱਖ ਆਗੂਆਂ ਵੱਲੋਂ ਕੈਮਲੂਪਸ ਦੇ ਸਕੂਲ ਦੁਖਾਂਤ ਦੀ ਨਿੰਦਿਆ



ਸਰੀ (ਹਰਦਮ ਮਾਨ)-ਬੀਸੀ ਦੇ ਸ਼ਹਿਰ ਕੈਮਲੂਪਸ ਦੇ ਇਕ ਪੁਰਾਣੇ ਰਿਹਾਇਸ਼ੀ ਸਕੂਲ ਵਿਚ ਮੂਲ ਵਾਸੀ ਲੋਕਾਂ ਦੇ 215 ਬੱਚਿਆਂ ਦੇ ਪਿੰਜਰ ਦੱਬੇ ਹੋਣ ਦਾ ਖੁਲਾਸਾ ਹੋਣ ਨਾਲ ਸਿਰਫ ਕੈਨੇਡਾ ਦੇ ਹੀ ਨਹੀਂ ਸਗੋਂ ਸਮੁੱਚੀ ਦੁਨੀਆਂ ਦੇ ਲੋਕਾਂ ਵਿਚ ਦਰਦ ਦੀ ਟੀਸ ਮਹਿਸੂਸ ਕੀਤੀ ਜਾ ਰਹੀ ਹੈ। ਇਹ ਬਹੁ-ਸੱਭਿਆਚਾਰਕ ਵਿਕਸਤ ਦੇਸ਼ ਕੈਨੇਡਾ ਦੇ ਇਤਿਹਾਸ ਉਪਰ ਕਾਲਾ ਧੱਬਾ ਹੈ। ਇਸ ਦੀ ਹਰ ਪਾਸਿ ? ਨਿਖੇਧੀ ਕੀਤੀ ਜਾ ਰਹੀ ਹੈ ਅਤੇ ਮੂਲ ਵਾਸੀ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਨ ਦੇ ਨਾਲ ਨਾਲ ਕੈਨੇਡਾ ਅਤੇ ਬੀਸੀ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਮੂਲ ਵਾਸੀ ਲੋਕਾਂ ਨੂੰ ਇਨਸਾਫ ਦਿੱਤਾ ਜਾਵੇ। ਪੰਜਾਬੀ ਭਾਈਚਾਰੇ ਵੱਲੋਂ ਵੀ ਇਸ ਘਿਨਾਉਣੇ ਕਾਂਡ ਦੀ ਨਿੰਦਿਆ ਕੀਤੀ ਜਾ ਰਹੀ ਹੈ। ਨਾਮਵਰ ਸਿੱਖ ਵਿਦਵਾਨ ਅਤੇ ਚਿੰਤਕ ਜੈਤੇਗ ਸਿੰਘ ਅਨੰਤ, ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ, ਸਿੱਖ ਪ੍ਰਚਾਰਕ ਸੁਰਿੰਦਰ ਸਿੰਘ ਗੌਰੀ, ਸਿੱਖ ਸੰਗਤ ਵੈਨਕੂਵਰ ਦੇ ਆਗੂ ਰਣਜੀਤ ਸਿੰਘ, ਬਖਤਾਵਰ ਸਿੰਘ, ਲਖਬੀਰ ਸਿੰਘ ਖੰਗੂੜਾ ਅਤੇ ਮਹਿੰਦਰ ਸਿੰਘ ਬਰਾੜ ਨੇ ਇਸ ਦੁਖਾਂਤ ਨੂੰ ਮਨੁੱਖਤਾ ਲਈ ਬਹੁਤ ਹੀ ਸ਼ਰਮਨਾਕ ਦਸਦਿਆਂ ਮੂਲ ਵਾਸੀ ਲੋਕਾਂ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਘਿਨਾਉਣੇ ਵਰਤਾਰੇ ਲਈ ਜ਼ਿੰਮੇਵਾਰ ਲੋਕਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਸਿੱਖ ਆਗੂਆਂ ਨੇ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਇਸ ਕਾਂਡ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ ਅਤੇ ਮੂਲ ਵਾਸੀ ਲੋਕਾਂ ਨੂੰ ਇਨਸਾਫ ਦਿੱਤਾ ਜਾਵੇ।

## ਸ੍ਰੀ ਗੁਰੂ ਸਿੰਘ ਸਭਾ ਸਰੀ ਦੇ ਖ਼ਜ਼ਾਨਚੀ ਗੁਰਮੇਲ ਸਿੰਘ ਸ਼ੇਰਗਿੱਲ ਨਹੀਂ ਰਹੇ



ਸਰੀ (ਹਰਦਮ ਮਾਨ)-ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੇ ਖਜ਼ਾਨਚੀ ਗੁਰਮੇਲ ਸਿੰਘ ਸ਼ੇਰਗਿੱਲ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿਚ ਦਾਖ਼ਲ ਸਨ। 75 ਸਾਲਾ ਗੁਰਮੇਲ ਸਿੰਘ ਸ਼ੇਰਗਿੱਲ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਤੌਰ ਇੰਜਨੀਅਰ ਸੇਵਾ ਕੀਤੀ ਅਤੇ ਬਾਅਦ ਵਿਚ ਕੈਨੇਡਾ ਆ ਕੇ ਵੀ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ। ਉਹ ਪੰਜਾਬ ਤੋਂ ਜ਼ਿਲਾ ਕਪੂਰਥਲਾ 'ਚ ਪੈਂਦੇ ਫਗਵਾੜਾ ਨੇੜਲੇ ਪਿੰਡ ਨੰਗਲ ਨਾਲ ਸਬੰਧਤ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪੰਜਾਬ ਵਿਚ ਪਰਮਿੰਦਰ ਸਿੰਘ ਸ਼ੇਰਗਿੱਲ ਨਾਲ 98141-72476 'ਤੇ ਅਤੇ ਕੈਨੇਡਾ ਵਿੱਚ ਕਮਲਜੀਤ ਸਿੰਘ ਸ਼ੇਰਗਿੱਲ ਨਾਲ 604-729-0016 'ਤੇ ਅਤੇ ਮਹਿੰਦਰ ਸਿੰਘ ਸ਼ੇਰਗਿੱਲ ਨਾਲ 604-825-3547 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਆਤਮਾ ਦੀ ਸਭ ਤੋਂ ਗਹਿਰੀ ਲੋੜ

**ਹਰਕੀਰਤ ਕੌਰ**
9779118066

ਸਾਡੀਆਂ ਆਤਮਾਵਾਂ ਦੀ ਸਭ ਤੋਂ ਡੂੰਘੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮਨੁੱਖ ਜਾਤੀ ਦਾ ਭਲਾ ਕਰਨ ਵਾਲੇ ਮਹਿਸੂਸ ਕਰੀਏ। ਜਦੋਂ ਅਸੀਂ ਮਨੁੱਖ ਜਾਤੀ ਦੇ ਉੱਚੇ ਸੁੱਚੇ ਲਾਭਾ ਨਾਲ ਆਪਣੇ ਆਪ ਨੂੰ ਜੋੜਦੇ ਹਾਂ, ਕੇਵਲ ਉਦੋਂ ਹੀ ਅਸੀਂ ਆਪਣੇ ਸਮਾਜਿਕ ਅਤੇ ਇਸ ਲਈ ਆਪਣੇ ਪੂਰਨ ਮਨੋਰਥਾਂ ਵਾਲੇ ਹੋਕੇ ਹੀ ਸੰਸਾਰ ਵਿੱਚ ਵਿਚਰਦੇ ਹਾਂ, ਜਦੋਂ ਅਸੀਂ ਆਪਣੇ ਆਪ ਸੰਸਾਰ ਭਲਾਈ ਦੇ ਵਸੀਲੇ ਬਣਾ ਲੈਂਦੇ ਹਾਂ ਤਾਂ ਸਾਡੀਆਂ ਆਤਮਾ ਦੀਆਂ ਲੋੜਾਂ ਪੂਰੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਤਹਾਸ ਗਵਾਹ ਹੈ ਕਿ ਜੈਰੇਮੀਆਂ ਤੋਂ ਲੈਕੇ ਲਿੰਕਨ ਤਕ ਸੰਸਾਰ ਦੀ ਤਵਾਰੀਖ ਦੇ ਸਭ ਤੋਂ ਵੱਧ ਉਸਾਰੂ ਪ੍ਰਤਿਭਾਸ਼ੀਲ ਮਨੁੱਖ ਕੇਵਲ ਉਹੀ ਹਨ ਜਿੰਨਾਂ ਨੇ ਆਪਣੇ ਮਨੁੱਖੀ ਮਕਸਦ ਦੀ ਪਹਿਚਾਣ ਕੀਤੀ ਅਕਾਲ ਪੁਰਖ ਦੀ ਅਵਾਜ਼ ਨੂੰ ਆਪਣੇ ਅੰਦਰੋਂ ਸੁਣਿਆ ਅਤੇ ਆਪਣੇ ਆਪ ਨੂੰ ਮਨੁੱਖੀ ਨਸਲ ਦੀ ਸੇਵਾ ਲਈ ਤਨ, ਮਨ ਅਤੇ ਧਨ ਸਹਿਤ ਅਰਪਨ ਕਰ ਦਿੱਤਾ।ਅਜਿਹੇ ਵਿਅਕਤੀਗਤ ਵਾਲੇ ਲੋਕ ਕਰੋੜਾਂ ਗੁੰਮਨਾਮ ਚਿਹਰਿਆਂ ਵਿਚੋਂ ਵੀ ਚਮਕ ਪੈਂਦੇ ਹਨ।ਅੱਜ ਦਾ ਯੁੱਗ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ, ਸੁਖ ਸਹੂਲਤਾਂ ਤਾਂ ਵੱਧ ਰਹੀਆਂ ਹਨ, ਪਰ ਸਾਡੇ ਜੀਵਨ ਅਸਲ ਮਨੋਰਥ ਤੋਂ ਭਟਕ ਰਹੇ ਹਨ। ਅਸੀਂ ਸਰੀਰਕ ਲੋੜਾਂ ਦੀ ਪੂਰਤੀ ਕਰਨ ਦੇ ਚੱਕਰ ਵਿੱਚ ਆਪਣੀ ਆਤਮਾ ਦੀਆਂ ਲੋੜਾਂ ਨੂੰ ਭੁੱਲ ਕੇ ਜੀਵਨ ਬਤੀਤ ਕਰ ਰਹੇ ਹਾਂ। ਖੌਰੇ ਇਸੇ ਕਰਕੇ ਸਾਡੇ ਕੋਲ ਸਭ ਕੁਝ ਹੁੰਦਿਆਂ ਹੋਇਆਂ ਵੀ ਸਾਡੀ ਆਤਮਾ ਕਦੇ ਤ੍ਰਿਪਤ ਨਹੀਂ ਹੁੰਦੀ। ਮਨ ਹਮੇਸ਼ਾ ਉਡੋਂ ਉਡੋਂ ਕਰਦਾ ਪੂਰੇ ਬ੍ਰਹਿਮੰਡ ਦੇ ਚੱਕਰ ਕੱਢ ਕੇ ਆ ਜਾਂਦਾ ਹੈ। ਖੌਰੇ ਇਸੇ ਕਰਕੇ ਚੋਰੀਆਂ, ਮਕਾਰੀਆਂ, ਧੋਖੇ ਧੜੀਆਂ, ਭ੍ਰਿਸ਼ਟਾਚਾਰ ਆਦਿ ਦਾ ਬੋਲਬਾਲਾ ਜਿਆਦਾ ਹੋ ਗਿਆ ਹੈ। ਇਸ ਧਰਤੀ ਉੱਪਰ ਪਰਮਾਤਮਾ ਨੇ ਜਿਸ ਨੂੰ ਵੀ ਭੇਜਿਆ ਇੱਕ ਖਾਸ ਮਕਸਦ ਹੇਠ ਭੇਜਿਆ, ਆਤਮਾ ਨੂੰ ਪਰਮਾਤਮਾ ਦਾ ਅੰਸ਼ ਨਿਵਾਜ ਅਕਾਲ ਪੁਰਖ ਨੇ ਸਾਨੂੰ ਆਪਣੇ ਵਿਅਕਤੀਗਤ ਨੂੰ ਨਿਖਾਰਨ ਲਈ ਭੇਜਿਆ ਪਰ ਅਸੀਂ ਆਪਣੇ ਸ਼ਰੀਰਕ ਸੁੱਖਾਂ ਪਿੱਛੇ ਐਨੇ ਵਿਅਸਤ ਹੋ ਗਏ ਕਿ ਅਸੀਂ ਆਪਣੇ ਅਸਲੀ ਮਕਸਦ ਨੂੰ ਹੀ ਭੁੱਲ ਗਏ।

ਨੌਜਵਾਨ ਸਮਾਜ ਦਾ ਥੰਮ ਹੁੰਦੇ ਹਨ, ਪਰ ਅੱਜ ਦੀ ਸਿੱਖਿਆ ਪ੍ਰਣਾਲੀ ਜਾਂ ਮਾਪਿਆਂ ਨੇ ਇਸ ਵੱਲ ਬਿਲਕੁਲ ਗਹੁ ਨਹੀਂ ਕੀਤਾ ਕਿ ਨੌਜਵਾਨਾਂ ਵਿੱਚ ਉਸਾਰੂ ਸੋਚ ਸਿਰਜ ਕੇ ਉਹਨਾਂ ਨੂੰ ਸਮਾਜਿਕ ਲਾਭਾ ਲਈ ਵਰਤਿਆ ਜਾ ਸਕੇ। ਇਸ ਗੱਲ ਦਾ ਕਿਆਸ ਤੱਕ ਨਹੀਂ ਕੀਤਾ ਕਿ ਸਾਡੇ ਨੌਜਵਾਨਾਂ ਦੀਆਂ ਆਤਮਾਵਾਂ ਵਿੱਚ ਪਰਉਪਕਾਰ ਅਤੇ ਸੇਵਾ ਦੀਆਂ ਕਿੰਨੀਆਂ ਉੱਚ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜੇ ਉਹਨਾਂ ਦੇ ਹਿਰਦਿਆਂ ਨੂੰ ਵਿਸ਼ਵਾਸ਼ਹੀਣ , ਕਠੋਰ ਤੇ ਵਿਗੜੇ ਰੂਪ ਵਾਲੀ ਦੁਨੀਆਂ ਖਰਾਬ ਨਾ ਕਰੇ ਤਾਂ! ਇੱਕ ਚੰਗਾ ਸਮਾਜ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇਕਰ ਆਪਣੀਆਂ ਆਤਮਾਵਾਂ ਦੀ ਪੂਰਤੀ ਕਰਕੇ ਇੱਕ ਅਜਿਹੀ ਸ਼ਖਸੀਅਤ ਨਿਖਾਰੀ ਜਾਵੇ ਜੋ ਆਪਣੇ ਆਸੇ ਪਾਸੇ ਹੋਰਾਂ ਨੂੰ ਵੀ ਰੁਸ਼ਨਾ ਸਕੇ। ਸ਼ਰੀਰਕ ਲੋੜਾਂ ਤੋਂ ਜਿਆਦਾ ਆਪਣੀਆਂ ਆਤਮਾ ਦੀਆਂ ਗਹਿਰੀਆਂ ਲੋੜਾਂ ਉਪਰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਤਾਂ ਜੋ ਇੱਕ ਵਧੀਆ ਸਮਾਜ ਸਿਰਜਣ ਵਿੱਚ ਆਪਣਾ ਯੋਗਦਾਨ ਪਾ ਸਕੀਏ।

**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 12 ਜੂਨ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com




# ਕ੍ਰਿਸ਼ਨ ਕੁਮਾਰ ਬਾਵਾ ਦੀ ਸਵੈ-ਜੀਵਨੀ ‘ਸੰਘਰਸ਼ ਦੇ 45 ਸਾਲ’ ਰਿਲੀਜ਼

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਉਘੇ ਕਾਂਗਰਸੀ ਆਗੂ ਤੇ ਹਾਊਸਫੈਡ ਅਤੇ ਸਨਅਤੀ ਕਾਰਪੋਰੇਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਸ੍ਰੀ ਕ੍ਰਿਸ਼ਨ ਕੁਮਾਰ ਬਾਵਾ ਦੀ ਸਵੈ-ਜੀਵਨੀ- "ਸੰਘਰਸ਼ ਦੇ 45 ਸਾਲ" ਇਕ ਸੰਖੇਪ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ। ਉਘੇ ਬਿਜਨੈਸਮੈਨ ਪਾਲ ਬਰਾੜ ਅਤੇ ਹੈਪੀ ਦਿ ?ਲ ਦੇ ਵਿਸ਼ੇਸ਼ ਉਦਮ ਤੇ ਪ੍ਰਸਿੱਧ ਆਰਟਿਸਟ ਜਰਨੈਲ ਸਿੰਘ, ਨਾਵਲਕਾਰ ਜਰਨੈਲ ਸਿੰਘ ਸੇਖਾ ਤੇ ਉਘੇ ਕਵੀ ਮੋਹਨ ਗਿੱਲ ਵੱਲੋਂ ਪੁਸਤਕ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਉਘੇ ਰੀਐਲਟਰ ਤੇ ਰੇਡੀ ? ਹੋਸਟ ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ ਤੇ ਸੁਖਵਿੰਦਰ ਸਿੰਘ ਚੋਹਲਾ ਵੀ ਹਾਜ਼ਰ ਸਨ। ਕੋਵਿਡ ਪਾਬੰਦੀਆਂ ਨੂੰ ਧਿਆਨ ਵਿਚ ਰਖਦਿਆਂ ਇਕ ਰਸਮੀ ਤੇ ਸੰਖੇਪ ਮਿਲਣੀ ਦੌਰਾਨ ਹੈਪੀ ਦਿ ?ਲ ਨੇ ਪੁਸਤਕ ਦੇ ਲੇਖਕ ਆਪਣੇ ਮਿੱਤਰ ਕੇ। ਕੇ। ਬਾਵਾ ਦੀ ਜੀਵਨ ਘਾਲਣਾ ਅਤੇ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਹਾਜ਼ਰ ਸ਼ਖ਼ਸੀਅਤਾਂ ਨੇ ਪੁਸਤਕ ਬਾਰੇ ਆਪੋ ਆਪਣੇ ਵਿਚਾਰ ਰੱਖੇ ਅਤੇ ਲੇਖਕ ਨੂੰ ਮੁਬਾਰਕਬਾਦ ਦਿੱਤੀ। ਜੂਨ ’84 ਦੇ ਫ਼ੌਜੀ ਹਮਲੇ ਸਬੰਧੀ ਕੇਸ ਪ੍ਰਤੀ ਸ਼੍ਰੋਮਣੀ ਕਮੇਟੀ ਅਦਾਲਤ ਤੋਂ ਬਾਹਰ ਕੇਂਦਰ ਸਰਕਾਰ ਨਾਲ ਸਮਝੌਤਾ ਕਰਨ ਦੀ ਗ਼ਲਤੀ ਨਾ ਕਰੇ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ।




# ਬਾਇਡਨ ਨੇ ਟਿਕਟੌਕ ਅਤੇ ਵੀਚੈਟ ਤੋਂ ਪਾਬੰਦੀ ਹਟਾਈ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਟਿਕਟੌਕ, ਵੀਚੈਟ ਅਤੇ ਅੱਠ ਹੋਰ ਐਪਸ ਤੋਂ ਰੋਕ ਹਟਾਉਣ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਐਪਸ ਤੇ ਰੋਕਾਂ ਵਾਲੇ ਹੁਕਮਾਂ ਉਪਰ ਤਤਕਾਲੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਸਤਖ਼ਤ ਕੀਤੇ ਸਨ। ਵ੍ਹਾਈਟ ਹਾਊਸ ਮੁਤਾਬਕ ਬਾਇਡਨ ਵੱਲੋਂ ਜਾਰੀ ਨਵੇਂ ਹੁਕਮਾਂ ਚ ਵਣਜ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਐਪਸ ਦਾ ਅਧਿਐਨ ਕਰਕੇ ਉਨ੍ਹਾਂ ਦੇ ਅਮਰੀਕਾ ਤੇ ਪੈਣ ਵਾਲੇ ਅਸਰ ਬਾਰੇ ਢੁੱਕਵੀਂ ਕਾਰਵਾਈ ਕਰਨ। ਹੁਕਮਾਂ ਚ ਇਹ ਵੀ ਕਿਹਾ ਗਿਆ ਹੈ ਕਿ ਵਿਭਾਗ ਅਮਰੀਕੀਆਂ ਦੇ ਨਿੱਜੀ ਡੇਟਾ ਦੀ ਸੁਰੱਖਿਆ ਬਾਰੇ ਰਿਪੋਰਟ ਦਾ ਖਰੜਾ ਤਿਆਰ ਕਰੇ। ਟਰੰਪ ਨੇ ਕੌਮੀ ਸੁਰੱਖਿਆ ਨੂੰ ਖ਼ਤਰੇ ਦਾ ਹਵਾਲਾ ਦੇ ਕੇ ਨਵੇਂ ਵਰਤੋਂਕਾਰਾਂ ਨੂੰ ਟਿਕਟੌਕ ਅਤੇ ਵੀਚੈਟ ਡਾਊਨਲੋਡ ਕਰਨ ਤੇ ਪਾਬੰਦੀ ਲਗਾਉਣ ਦੇ ਹੁਕਮ ਦਿੱਤੇ ਸਨ ਪਰ ਉਸ ਦੇ ਹੁਕਮਾਂ ਤੇ ਸੰਘੀ ਜ਼ਿਲ੍ਹਾ ਅਦਾਲਤਾਂ ਨੇ ਰੋਕ ਲਗਾ ਦਿੱਤੀ ਸੀ ਜਿਸ ਕਾਰਨ ਇਹ ਹੁਕਮ ਲਾਗੂ ਨਹੀਂ ਹੋਏ ਸਨ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਇਸ ਕਦਮ ਦਾ ਸਵਾਗਤ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਬਾਇਡਨ ਨੇ ਟਰੰਪ ਸਰਕਾਰ ਦੇ ਕਾਰਜਕਾਰੀ ਹੁਕਮਾਂ ਨੂੰ ਰੱਦ ਕਰਕੇ ਸਹੀ ਕਦਮ ਉਠਾਇਆ ਹੈ ਜੋ ਇਨ੍ਹਾਂ ਐਪਸ ਦੇ ਵਰਤੋਂਕਾਰਾਂ ਦੇ ਹੱਕਾਂ ਦੀ ਉਲੰਘਣਾ ਸੀ।

# ਪਾਕਿਸਤਾਨੀ ਸੰਸਦ ਵੱਲੋਂ ਜਾਧਵ ਨੂੰ ਅਪੀਲ ਦਾ ਅਧਿਕਾਰ ਦੇਣ ਲਈ ਬਿੱਲ ਪਾਸ

ਇਸਲਾਮਾਬਾਦ-ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੇ ਸਰਕਾਰ ਦੇ ਸਮਰਥਨ ਵਾਲਾ ਬਿਲ ਪਾਸ ਕਰ ਦਿੱਤਾ ਹੈ ਜੋ ਭਾਰਤੀ ਕੈਦੀ ਕੁਲਭੂਸ਼ਣ ਜਾਧਵ ਨੂੰ ਅਪੀਲ ਕਰਨ ਦਾ ਅਧਿਕਾਰ ਦੇਵੇਗਾ। ਨੈਸ਼ਨਲ ਅਸੈਂਬਲੀ ਨੇ ਅੰਤਰਰਾਸ਼ਟਰੀ ਕੋਰਟ ਆਫ਼ ਜਸਟਿਸ (ਸਮੀਖਿਆ ਅਤੇ ਮੁੜ ਵਿਚਾਰ) ਬਿੱਲ, 2020 ਨੂੰ ਪਾਸ ਕਰ ਦਿੱਤਾ, ਜਿਸ ਦਾ ਉਦੇਸ਼ ਕਥਿਤ ਤੌਰ ‘ਤੇ ਭਾਰਤੀ ਜਾਸੂਸ ਜਾਧਵ ਨੂੰ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ (ਆਈਸੀਜੇ) ਦੇ ਫੈਸਲੇ ਦੇ ਅਨੁਸਾਰ ਕੌਂਸਲਰ ਮੁਹੱਈਆ ਕਰਵਾਉਣਾ ਹੈ।

Offering Services For All Your Business and Real Estate Needs

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
604.602.1828
HEAD OFFICE:
VANCOUVER
505-777 W. BROADWAY


SUNNY SANGHA • PERSONAL REAL ESTATE CORPORATION

#308 5419 201A ST


$499,888
Welcome to Vista Gardens, a well-maintained building located in a central location of langley with walking distance to Linwood Park and Downtown Langley. This top-floor unit is one of the best layouts in the building with two generous size bedrooms and two bathrooms. There is storage inside your own laundry room and two separate storage lockers, one beside the unit and one underground. One Secure parking underground and tons of parking out in front of the building. The building has a new roof, the levy has been paid for the cladding work that will happen in the next year. The strata fee includes a gas fireplace and Hot water. Call now to book your private showing.

14317 31A AVENUE


$4,488,000
Architectural elegance at its finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call us now to book your private showing!

1426 KENT

$1,599,000
Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9858 HUCKLEBERRY DRIVE

Welcome to Fraser Height's newest sub-division. This 3684 sqft lot is ready to build, the plans should be ready to pick up from the city in a few weeks. The home will include 7 bedrooms 6 bathrooms with a media room and a bar area for your own use downstairs. The total square footage for the home will be 3922 plus a garage. Call now to get more info.


Sunny Sangha
604-356-5555
SUNNY SANGHA
Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

Top 1% of All Fraser Valley Realtors® 2020
based on FVREB Medallion Statistics

GRAND CENTURIAN PRODUCER



# ANKUR KAUSHAL

PERSONAL REAL ESTATE CORPORATION

604-897-0006

E MAIL ANKUR KAUSHAL@CENTURY21 CA

CENTURY 21 Coastal Realty Ltd.

# SAMEER KAUSHAL

PERSONAL REAL ESTATE CORPORATION, B.Sc., MBA

604-897-9575

E MAIL SAMKAUSHAL@GMAIL COM



## 6282, 129St




Luxurious home in Panorama Park Estates featuring a 3 level custom-built 7017 SF. home on a large 10,086 sq. ft. lot. Located in one of Surrey's best and most sought-after neighbourhoods. Home is near parks, a short walk to Panorama Park Elementary and situated close to all amenities, stores & restaurants. This is an entertainer's dream home, grand architecture design and glamorous decorating w/ lavish luxurious spaces for gatherings. Upper floor boasts spacious 4 bedrooms including a large master. Main floor also hosts a master bedroom. Below features a grand stair hallway, high ceilings & 2+2 Bed Suites. Main offers large kitchen w/ open dining rm, eating area and large family room with private deck. Professionally landscaped & oversized triple garage. Absolute must see A++

## 6284 132a Street




Custom built 3 storey home in Panorama area. High ceiling in main entrance, good-sized living and dining areas. Kitchen has maple kitchen cabinets and houses a spice kitchen. Home has four bedrooms upstairs, including two masters. Three baths up, one on main and two below. There are two suites (2+1) to help out with the mortgage or extra spending money. Close to both levels of school. Very central location. Easy access to main travel arteries. Do not drive by, call and come look inside.

## 10320-140St




Centrally located home in prime area. Walking distance to everything. The home features three bedrooms on the main floor and a one-bedroom suite in the basement. Home is located blocks from central Whalley which features shopping, restaurants, recreation, etc. Located steps from transit route and in Guildford Park Secondary and Lena Shaw Elementary catchment area. Close to Green Timbers Urban Forest with 452 acres of wetlands, a lake, meadows and nature trails.

## 12466 99 Avenue




Luxury Home with high end finishing featuring 9 bedrooms and 8 bathrooms situated on a 7200 Sqft Lot in Cedar Hills with soaring high ceilings throughout! The main entrance greets you with a grand open to below foyer and large living room with 12 foot ceilings. There is also a den and huge master bedroom with ensuite and walk in closet. Beautiful kitchen with bonus spice kitchen. Good sized family room and loads of windows to soak in that natural light. Upstairs features 4 master bedrooms all with their private washrooms and walk in closets. In the basement you have a huge theatre room for entertaining along with a rec room and gym. There is also 2 Basement Suites (2+2) of 2 bedrooms each- great mortgage helpers. Plenty of parking with double garage and large driveway.

## 12567 66 Avenue




WEST NEWTON BEAUTY! This grand, gorgeous 8 bedroom 6 bath home offers outstanding quality, location, class, comfort and style. The kitchen is loaded with warmth and function from the granite counter tops to the solid wood cabinets, tiled flooring and stainless appliances and bonus spice kitchen! Relax in from of the fire in the adjacent family room. The main floor has a full washroom and bedroom. Upstairs is a Master Bedroom fit for royalty leading onto the massive en-suite and walk in closet. There is also a HUGE covered sundeck to enjoy those summer sunsets! 3 other great size rooms with 2 washrooms. There is also a 2 bedroom suite with an option to make it a 3 bedroom 2 full washroom suite- great mortgage helpers! It is truly a home to be proud of and so much more.

## 21650 49A AVENUE




Stunning West Coast-inspired home in desirable Murrayville Langley! 6,336 sq.ft. of open concept living, and a beautifully landscaped 10,358 SF lot. This 7 bed/8 bath home includes three master suites, one on the main floor. The main living space is bright and open with 10' ceilings and an entertainer's dream kitchen with a separate spice kitchen. 1 bed/1 bath suite, the perfect mortgage helper with a rough in for another 1 bed suite with separate entrance. Additional luxuries include a home theatre, AC, in-floor radiant heat, HRV, on-demand hot water, three electric fireplaces, and patio with BBQ hookup. Located on a dead-end street with no through traffic, only minutes to shopping, transit, and schools. Book your private viewing today!

## 267 198 Street, Langley




West exposure rear yard, half-acre building site! Build your dream home in this beautiful area. High Point is an exclusive community developed near Campbell Valley Park in South Langley. Campbell Valley Park is located on 285 acres with 85 acres of parkland, 9 km of trails, a spring-fed lake, forest & beautiful views. Conveniently located near schools, golf & shopping with easy access to major routes and USA border. Build your dream home & enjoy the wonderful equestrian facilities. With its private equine facility, you have the best for both you and your horses or just a lovely setting to walk and enjoy.

## 5981 184 Street




BUILDING LOT FOR SALE IN CLOVERDALE! Attention BUILDERS!! This is your chance to build on this 6700 Square Feet Rectangular lot! Build up to 5250 Square Feet Covered area! Great location right across Gurdwara with easy access to highway 10. This lot allows for a 3 storey home with double garage in the back. Preliminary plans made to give you an idea of what kind of home can be made. Main floor can have Living, Den, Bedroom with Ensuite, Family room, Kitchen+Spice kitchen. Loads of windows to soak in that natural light. Upstairs can have 4 bedrooms with 3 full bath (2 Masters and 1 Jack&Jill) + Laundry. In the basement you can have a 2 bedroom legal suite with potential for another 2 bedroom - great mortgage helpers + theatre room for personal enjoyment. Don't miss your chance on this one!

## 19072-90Ave, Surrey




Private 19,471 sq. ft. acre paradise in the heart of Port Kells with 150' frontage in an area of estate homes. Build your dream home on this treed lot or continue to rent to tenants. Den is a 3rd bedroom. Home has hardwood floors, double windows & a 10'x12' rear deck. The 24'x22' detached double garage has 220 amp power & the lot has plenty of room for extra parking. Great value! Easy commute to anywhere. Just minutes to Highway 1, 15 or 17, Fraser Highway or Golden Ears & Port Mann Bridges. Rented to Good Tenants at $1800 plus utilities on a month-to-month basis. Possibility to build 3 Level Home.

## 9895-128A St




CEDAR HILLS RANCHER! Attention Builders/Investors/First Time Buyers! This beautiful rancher is perfect as a starter home, rental property or to tear down and build your dream home. Lot is rectangular and is 7,120 sq. ft. in a nice, quiet neighbourhood of Cedar Hills. The 2,080 sq. ft. home features six bedrooms. The basement is fully finished with a three-bedroom mortgage helper suite with a separate entrance - Rent now and build later! Huge private backyard for activities/bbq's/parties. Good size rooms, deck and garden area. Located in L.A. Matheson Secondary and AHP Matthew Elementary catchment areas.

## 12788 67Ave




YOUR SEARCH ENDS HERE! This is a beautiful 3 storey home in the Heart of West Newton with 2 suites! * (2+1) * - great mortgage helpers plus an additional recreation room in the basement that is the perfect man-cave with a 2 piece washroom. This home features high ceilings, open layout and a huge family room, and two cozy fireplaces. Main floor has a bedroom plus a den/office- Best of both worlds. Main floor also has a full washroom and spice kitchen. Huge family room and covered deck to enjoy those summer bbq's and fully fenced backyard for the kids. Upstairs has 4 great sized bedrooms and 3 full washrooms! This home has it all! Very spacious and bright with oversized windows to enjoy that natural light. Plenty of parking in the back lane with a huge detached double garage. Don't miss out

## 13516 62a Avenue




JUST LIKE NEW 3 level home (6 bedrooms + Den and 6 baths) (3636 sqft including garage) in popular Panorama Ridge area, walk to school, shopping and all amenities. Main floor features bright living room, designer kitchen with SS appliances, spice kitchen, family room, sundeck off the family room, a Den and a powder room. Upper floor has 4 bedrooms and 3 full baths including 2 masters with full en-suites and Jack & Jill rooms with a shared full bath. Basement has a big Media room and a powder room plus a spacious 2 bedroom legal suite with its own laundry. Big 18'6 x 22' (420 sqft) double garage. Heat pump with cool air in summer and hot in winter. Book your showing now!

## #204 10308 155A St. $729,900




Location! Location! Welcome to Paddington Gate in a convenient neighbourhood of Guildford. The complex has 22 well-maintained homes that are professionally managed. This is a prime location near Guildford Mall, Landmark Cinemas, Walmart, Library & rec center and the upcoming Guildford Village complete with Save-On-Foods & Town Center. The property is south-facing with the sun streaming into all three bedrooms. he unit of 3 Bedroom and Den, Beautiful loft can be used as office or 4th bedroom, The unit is fully updated including a new kitchen w/ pantry, appliances, flooring including carpets & wooden blinds,,new water proof vinyl flooring. Radiant floor heat. New Energy Saving Furnace. Well-appointed washroom & chandelier. There is a clear front and nice backyard view. New tankless instant water plumbing system. Major routes including Hwy. 1 (east & west exits) are close by and transit is w/in walking distance. Close to both levels of school.

## 3909 13495 Central Ave




The Residences, Surrey's Flagship Residence at 3 Civic Plaza Development. This 39th FLOOR, 1232 sq.ft. unit has 2 bedrooms and a den. The property features 2 baths and high-end finishing. Large 102 square foot balcony with unobstructed views. Steps to Skytrain, Central City Mall, SFU, KPU, Civic Plaza, City Hall & Hotel, coffee shops & library & planned LRT system. TWO PARKING stalls and locker included. This premium condo has an open concept layout with floor-to-ceiling windows, exercise centre, elevator and in-suite laundry. You won't find a better location close to this many amenities. Prada Cafe and Dominion Bar & Kitchen are on site. No GST. Rentals are allowed.

## 8816 140 Street




Attention first time home buyers and investors! Central location! This home features 5 bedrooms 3 baths with a 2 bedroom mortgage helper! This 2 storey home has an unauthorized 2 bedroom suite with 3 bedrooms up with 2 baths. Situated on a 6017 Sqft Rectangular lot with lane access! The home is kept very clean and is very central to everything such as Bear Creek Park, Shopping, Schools and easy access to highways.

**For units in York Centre (80 & 128 St), Please Call 604-897-9575 or 604-897-0006**

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**

**BC to WA / WA to BC or AB**

**Canada Routes: BC / AB Canada Wide**

**Paid Picks and Drops**

**Extended Medical Benefits and Travel Insurance**

**Yard to Yard Work**

**Brand New Trucks & Trailers**

Right-Link
Logistics Ltd

## Call: +1-604-857-4777 / 778-344-1964
## Email: team@rightlink.ca

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

LAW CORPORATION

HUGHES
& COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



CEDRIC HUGHES
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

## 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਓਸ਼ਨ ਵਿਊ ਫਿਸ਼ ਕੈਨਰੀ

# OCEAN VIEW FISH CANNERY



## ਫਿਸ਼ ਕੈਨਰੀ ਵਿਚ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿਚ ਚੱਲ ਰਿਹਾ ਹੈ।

* ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
* ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
* ਕਲਾਸ 4 ਦੇ ਡਰਾਈਵਰ ਦੀ ਲੋੜ ਹੈ।
* ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ



# 604-594-0616

# ਜਵਾਨ ਹੋ ਰਹੇ ਬੱਚਿਆਂ ਪ੍ਰਤੀ ਤੁਹਾਡੇ ਫਰਜ਼

ਮਾਪਿਆਂ ਨੂੰ ਆਪਣੇ ਬੱਚੇ ਪ੍ਰਤੀ ਉਸ ਦੇ ਬਚਪਨ ਤੋਂ ਹੀ ਇਹ ਫਿਕਰ ਲੱਗਾ ਰਹਿੰਦਾ ਹੈ ਕਿ ਉਸ ਦੀ ਚੰਗੀ ਸਿਹਤ ਪ੍ਰਤੀ ਉਸ ਦੇ ਖਾਣ-ਪਾਨ ਦਾ ਪੂਰਾ ਖਿਆਲ ਰੱਖਿਆ ਜਾਵੇ। ਉਸ ਦੀ ਸਿੱਖਿਆ ਪ੍ਰਤੀ ਮਾਪੇ ਹਮੇਸ਼ਾ ਹੀ ਸੁਚੇਤ ਰਹਿੰਦੇ ਹਨ। ਮਾਪਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹ-ਲਿਖ ਕੇ ਉੱਚੇ ਅਹੁਦੇ 'ਤੇ ਪਹੁੰਚੇ। ਇਸ ਮਕਸਦ ਲਈ ਉਹ ਮਹਿੰਗੇ ਤੋਂ ਮਹਿੰਗੇ ਸਕੂਲ 'ਚ ਉਸ ਨੂੰ ਪੜ੍ਹਾਉਂਦੇ ਹਨ ਤਾਂ ਕਿ ਉਹ ਚੰਗੀ ਤਾਲੀਮ ਹਾਸਲ ਕਰਕੇ ਆਸਾਨੀ ਨਾਲ ਉਨ੍ਹਾਂ ਵਲੋਂ ਮਿੱਥੇ ਟੀਚੇ 'ਤੇ ਪਹੁੰਚ ਜਾਵੇ ਤੇ ਉਨ੍ਹਾਂ ਦਾ ਨਾਂਅ ਰੌਸ਼ਨ ਕਰੇ। ਬਚਪਨ ਤੋਂ ਜਵਾਨੀ ਦੀਆਂ ਦਹਿਲੀਜ਼ਾਂ 'ਤੇ ਪੈਰ ਧਰਨ ਤੱਕ ਤਾਂ ਬੱਚੇ ਦੀ ਹਰ ਹਰਕਤ, ਉਸ ਦੀ ਬੋਲਚਾਲ, ਰਹਿਣ-ਸਹਿਣ, ਉਸ ਦੀਆਂ ਆਦਤਾਂ ਤੇ ਉਸ ਦੇ ਆਪਣੇ ਅਰਮਾਨਾਂ ਬਾਰੇ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਜੇ ਥੋੜ੍ਹਾ ਜਿੰਨਾ ਵੀ ਤੁਸੀਂ ਬੱਚੇ ਦੇ ਫਰਜ਼ਾਂ ਪ੍ਰਤੀ ਅਵੇਸਲੇ ਹੋ ਗਏ ਤਾਂ ਇਸ ਦਾ ਖਮਿਆਜ਼ਾ ਬਹੁਤ ਮਾੜਾ ਤੇ ਬਹੁਤ ਦੇਰ ਤੱਕ ਭੁਗਤਣਾ ਪੈਂਦਾ ਹੈ। ਜਦੋਂ ਫਿਰ ਪਤਾ ਲਗਦਾ ਹੈ, ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਫਿਰ ਲੱਖ ਕੋਸ਼ਿਸ਼ਾਂ ਕਰਨ 'ਤੇ ਵੀ ਤੁਸੀਂ ਸਫਲ ਨਹੀਂ ਹੋ ਸਕਦੇ।





ਬੱਚਿਆਂ ਪ੍ਰਤੀ ਜੋ ਤੁਹਾਡੇ ਫਰਜ਼ ਬਣਦੇ ਹਨ, ਉਹ ਕੁਝ ਇਸ ਤਰ੍ਹਾਂ ਹਨ- ਜਵਾਨ ਹੋ ਰਹੇ ਬੱਚੇ ਦੇ ਮਨ 'ਚ ਕੋਈ ਚਾਹਤ ਹੈ ਤਾਂ ਉਸ ਨੂੰ ਪਿਆਰ ਨਾਲ ਪੁੱਛ ਕੇ ਉਸ ਨੂੰ ਬੜੀ ਸੂਝਬੂਝ ਨਾਲ ਪੂਰਾ ਕੀਤਾ ਜਾਵੇ।

ਜੇ ਤੁਹਾਨੂੰ ਬੱਚੇ 'ਤੇ ਥੋੜ੍ਹਾ ਸ਼ੱਕ ਪੈਦਾ ਹੋਣ ਲੱਗੇ ਕਿ ਉਸ ਨੂੰ ਕੁਝ ਮਾੜੀਆਂ ਆਦਤਾਂ ਪੈ ਰਹੀਆਂ ਹਨ ਤਾਂ ਬਜਾਏ ਉਸ ਨੂੰ ਡਾਂਟਣ ਦੇ ਉਨ੍ਹਾਂ ਆਦਤਾਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਜਾਵੇ ਤਾਂ ਬੱਚਾ ਬੜੀ ਜਲਦੀ ਸਮਝ ਕੇ ਕੁਰਾਹੇ ਜੈਣ ਤੋਂ ਸਿੱਧੇ ਰਾਹ ਆ ਸਕਦਾ ਹੈ। ਕੋਸ਼ਿਸ਼ ਕਰੋ, ਪੂਰੇ ਪਰਿਵਾਰ 'ਚ ਕੋਈ ਸਾਂਝੀ ਗੱਲ ਕਰਨ ਲੱਗਿਆਂ ਬੱਚੇ ਨੂੰ ਵਿਚ ਬਿਠਾ ਕੇ ਉਸ ਦੇ ਵਿਚਾਰ ਵੀ ਸੁਣੋ। ਇਸ ਨਾਲ ਬੱਚਾ ਆਪਣੇ-ਆਪ ਨੂੰ ਸਿਆਣਿਆਂ 'ਚ ਬੈਠਣ 'ਤੇ ਮਾਣ ਮਹਿਸੂਸ ਕਰੇਗਾ ਤੇ ਆਪਣੇ-ਆਪ ਨੂੰ ਸਿਆਣਾ ਸਮਝਣ ਲੱਗੇਗਾ। ਇਸ ਨਾਲ ਉਸ ਦਾ ਬੌਧਿਕਤਾ ਬਲ ਵਧੇਗਾ। ਇਹ ਬੱਚੇ ਲਈ ਬੜਾ ਅਹਿਮ ਪੱਖ ਮੰਨਿਆ ਜਾਂਦਾ ਹੈ ਕਿ ਤੁਸੀਂ ਬੱਚੇ ਬਾਰੇ ਜੋ ਸੋਚਿਆ ਹੁੰਦਾ ਹੈ, ਤੁਸੀਂ ਉਹ ਬਣਨ ਦੀ ਚਾਹਤ ਰੱਖਦੇ ਹੋ, ਭਾਵੇਂ ਬੱਚੇ ਦੀ ਉਸ ਵਿਚ ਰੁਚੀ ਵੀ ਨਾ ਹੋਵੇ। ਇਸ ਤਰ੍ਹਾਂ ਦੀ ਸਥਿਤੀ 'ਚ ਬੱਚੇ ਦੇ ਦਿਮਾਗ ਦੀ ਪਰਖ ਕਰਨੀ ਚਾਹੀਦੀ ਹੈ ਕਿ ਬੱਚੇ ਦੀ ਕਿਸ ਖੇਤਰ ਵੱਲ ਰੁਚੀ ਹੈ। ਕੋਸ਼ਿਸ਼ ਕਰੋ, ਸ਼ੁਰੂ ਤੋਂ ਹੀ ਬੱਚੇ ਨੂੰ ਕੰਪਿਊਟਰ ਤੇ ਇਟਰਨੈੱਟ ਦੀ ਜਾਣਕਾਰੀ ਦੇ ਕੇ ਉਸ ਨੂੰ ਵੱਧ ਤੋਂ ਵੱਧ ਇਸ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਨਾਲ ਬੱਚਾ ਆਪਣੇ-ਆਪ ਬੌਧਿਕ ਵਿਕਾਸ ਦਾ ਪੱਲਾ ਫੜ ਲਵੇਗਾ ਤੇ ਯਾਦ ਰੱਖੋ, ਉਹ ਜੋ ਵੀ ਕਰੇਗਾ, ਉਸ ਵਿਚ ਹੀ ਸਫਲ ਹੋਵੇਗਾ।

SPRING SAVING OFFERS!
Save with Family
Sign up with a minimum of 4 lines or more.
Keep your existing number or get a new one.
30 GB for $65 /line monthly
Unlimited Canada wide Calling
Unlimited Texting
Unlimited Picture & Video messaging
Call Display, Voicemail
Call Waiting, Conference Calling
We offer Canada/US Plans
Limited time offer. Terms and conditions apply. Call for more information.



Enjoy our TELUS Optik TV & Fibre Services
Gigabyte Internet +
Essentials TV +
any 3 Theme Packs +
$143 /month



Ask about our special promotional offers for smart home security
TELUS authorized dealer
Open Connection At NEWTON VILLAGE
Call PRAB THIARA for more information:
604-866-2458
#108 - 7380 King George Blvd, Surrey

# ਬੱਚਿਆਂ ਲਈ ਖ਼ਤਰਨਾਕ ਹੋ ਸਕਦਾ ਹੈ ਨਮਕ



ਕੁਝ ਮਨੋਵਿਗਿਆਨੀਆਂ ਅਨੁਸਾਰ ਕੁਝ ਨਵੇਂ ਜਨਮੇ ਬੱਚਿਆਂ ਵਿਚ ਨਮਕ ਦੀ ਥੋੜ੍ਹੀ ਜਿਹੀ ਵੀ ਜ਼ਿਆਦਾ ਮਾਤਰਾ ਨਾਲ ਉਨ੍ਹਾਂ ਦਾ ਖ਼ੂਨ ਦਾ ਦਬਾਅ ਆਮ ਬੱਚਿਆਂ ਨਾਲੋਂ ਬਹੁਤ ਜ਼ਿਆਦਾ ਵਧ ਜਾਂਦਾ ਹੈ। ਅਮਰੀਕਨ ਹਾਰਟ ਐਸੋਸੀਏਸ਼ਨ ਦੇ ਡਾਕਟਰਾਂ ਨੇ ਇਕ ਖੋਜ ਵਿਚ ਇਹ ਪਤਾ ਲਗਾਇਆ ਹੈ ਕਿ ਕੁਝ ਨਵਜਨਮੇ ਬੱਚਿਆਂ ਨੂੰ ਨਮਕ ਖਾਣਾ ਬਹੁਤ ਚੰਗਾ ਲਗਦਾ ਹੈ ਪਰ ਇਹ ਉਨ੍ਹਾਂ ਲਈ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਨਾਲ ਉਨ੍ਹਾਂ ਨੂੰ ਉੱਚ ਖ਼ੂਨ ਦਬਾਅ ਦੀ ਬਿਮਾਰੀ ਬਚਪਨ ਤੋਂ ਹੀ ਹੋ ਜਾਂਦੀ ਹੈ ਡਾਕਟਰਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਬਿਮਾਰੀ ਅਕਸਰ ਉਨ੍ਹਾਂ ਬੱਚਿਆਂ ਨੂੰ ਹੁੰਦੀ ਹੈ, ਜਿਨ੍ਹਾਂ ਦੇ ਪਰਿਵਾਰ ਵਿਚ ਵੱਡੇ ਬਜ਼ੁਰਗ ਇਸ ਬਿਮਾਰੀ ਤੋਂ ਪੀੜਤ ਹੁੰਦੇ ਹਨ। ਉਨ੍ਹਾਂ ਅਨੁਸਾਰ ਇਸ ਤਰ੍ਹਾਂ ਦੇ ਬੱਚਿਆਂ ਵਿਚ ਜਦੋਂ ਥੋੜ੍ਹੇ ਜਿਹੇ ਵੱਡੇ ਹੋਣ 'ਤੇ ਸਿਰਦਰਦ ਦੀ ਸ਼ਿਕਾਇਤ ਹੁੰਦੀ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਜ਼ਿੰਦਗੀ ਭਰ ਆਪਣਾ ਖ਼ੂਨ ਦਾ ਦਬਾਅ ਠੀਕ ਰੱਖਣ ਲਈ ਲੂਣ ਤੋਂ ਪ੍ਰਹੇਜ਼ ਕਰਨਾ ਪਵੇਗਾ। ਹਾਲਾਂਕਿ ਕੁਝ ਵਿਦਵਾਨਾਂ ਦੇ ਅਨੁਸਾਰ ਨਮਕ ਨਾਲ ਬੱਚਿਆਂ ਦੇ ਖ਼ੂਨ ਦੇ ਦਬਾਅ ਵਿਚ ਕਿਸੇ ਤਰ੍ਹਾਂ ਦਾ ਕੋਈ ਵਾਧਾ ਨਹੀਂ ਹੁੰਦਾ ਪਰ ਡਾਕਟਰਾਂ ਨੇ ਉਨ੍ਹਾਂ ਦੀ ਗੱਲ ਨੂੰ ਗ਼ਲਤ ਠਹਿਰਾ ਦਿੱਤਾ ਹੈ। ਹਸਪਤਾਲ ਵਿਚ ਕਰੀਬ 234 ਨਵੇਂ ਜਨਮੇ ਬੱਚਿਆਂ 'ਤੇ ਕੀਤੇ ਗਏ ਆਪਣੇ ਨਿਰੀਖਣ ਤੋਂ ਬਾਅਦ ਤਿਆਰ ਰਿਪੋਰਟ ਨਾਲ ਮਨੋਚਿਕਿਤਸਕਾਂ ਨੇ ਇਹ ਦੱਸਿਆ ਕਿ ਕਿਸ ਤਰ੍ਹਾਂ ਇਨ੍ਹਾਂ ਬੱਚਿਆਂ ਨੂੰ ਪੈਦਾ ਹੋਣ ਦੇ ਕੁਝ ਦਿਨ ਬਾਅਦ ਉਨ੍ਹਾਂ ਨੂੰ ਨਮਕ ਦਿੱਤਾ ਅਤੇ ਫਿਰ ਇਕ ਹਫ਼ਤੇ ਬਾਅਦ ਦੁਬਾਰਾ ਦਿੱਤਾ। ਦੋਵੇਂ ਵਾਰ ਬੱਚਿਆਂ ਦਾ ਖ਼ੂਨ ਦਾ ਦਬਾਅ ਉਨ੍ਹਾਂ ਦੇ ਨਮਕ ਖਾਣ ਤੋਂ ਬਾਅਦ ਨਾਪਿਆ ਗਿਆ, ਜਿਸ ਨੂੰ ਦੇਖ ਕੇ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਕਿ ਜਿਨ੍ਹਾਂ ਬੱਚਿਆਂ ਨੂੰ ਨਮਕ ਖਾਣਾ ਚੰਗਾ ਲਗਦਾ ਹੈ, ਉਨ੍ਹਾਂ ਦੀ ਹਾਲਤ ਬਚਪਨ ਤੋਂ ਹੀ ਖਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਹੌਲੀ-ਹੌਲੀ ਉਨ੍ਹਾਂ ਦਾ ਖ਼ੂਨ ਦਾ ਦਬਾਅ ਆਮ ਬੱਚਿਆਂ ਨਾਲੋਂ ਜ਼ਿਆਦਾ ਹੁੰਦਾ ਜਾਂਦਾ ਹੈ।

# ਸਿੱਖ ਕੌਮ ਦੀ ਆਨ ਸ਼ਾਨ ਅਤੇ ਭਾਵਨਾਵਾਂ ਨਾਲ ਜੁੜੇ ਮਾਮਲੇ ਪ੍ਰਤੀ ਆਰਥਿਕ ਭਰਪਾਈ ਕੋਈ ਹੱਲ ਨਹੀਂ-ਸੰਤ ਹਰਨਾਮ ਸਿੰਘ ਖਾਲਸਾ

ਮਹਿਤਾ-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਦਮਦਮੀ ਟਕਸਾਲ ਜੂਨ 84 ਦੇ ਘੱਲੂਘਾਰੇ ਦੌਰਾਨ ਇੰਦਰਾ ਗਾਂਧੀ ਹਕੂਮਤ ਵਲੋਂ ਸ੍ਰੀ ਦਰਬਾਰ ਸਾਹਿਬ ਤੇ ਚਾੜੀਆਂ ਗਈਆਂ ਫੌਜਾਂ ਦਾ



ਮੁਕਾਬਲਾ ਕਰਨ ਵਾਲੀ ਮੁਖ ਧਿਰ ਹੈ। ਸਿਖ ਸੰਗਤਾਂ ਅਤੇ ਦਮਦਮੀ ਟਕਸਾਲ ਦੀ ਸਹਿਮਤੀ ਬਿਨਾ ਕੇਂਦਰ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਨਾਂ ਕਿਹਾ ਕਿ ਫੌਜੀ ਹਮਲੇ ਚ ਹੋਏ ਨੁਕਸਾਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਖਿਲਾਫ ਕੀਤੇ ਗਏ ਮੁਕੱਦਮੇ ਸੰਬੰਧੀ ਦਿਲੀ ਹਾਈ ਕੋਰਟ ਵੱਲੋਂ ਦੋਹਾਂ ਪਾਰਟੀਆਂ ਨੂੰ ਆਪਸੀ ਸਹਿਮਤੀ ਨਾਲ ਮਾਮਲਾ ਹੱਲ ਕਰ ਲੈਣ ਦੀ ਕੀਤੀ ਗਈ ਪੇਸ਼ਕਸ਼ ਪ੍ਰਤੀ ਸਮਝੌਤੇ ਦੀਆਂ ਸੰਭਾਵਨਾਵਾਂ ਨੂੰ ਤਲਾਸ਼ ਰਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਦਮਦਮੀ ਟਕਸਾਲ ਆਗਾਹ ਕਰਦਿਆਂ ਕਿਹਾ ਹੈ ਕਿ ਉਹ ਇਸ ਬਾਰੇ ਅਦਾਲਤ ਤੋਂ ਬਾਹਰ ਸਮਝੌਤਾ ਕਰਨ ਦਾ ਜੋਖ਼ਮ ਨਾ ਉਠਾਉਣ ਕਿਉਂਕਿ ਇਹ ਮਾਮਲਾ ਕੇਵਲ ਮਾਲੀ ਨੁਕਸਾਨ ਦੇ ਮੁਆਵਜ਼ੇ ਦਾ ਹੀ ਨਹੀਂ ਸਗੋਂ ਸਿੱਖ ਕੌਮ ਦੀ ਆਨ ਸ਼ਾਨ ਅਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਜੂਨ 84 ਦੌਰਾਨ ਕਾਂਗਰਸ ਦੀ ਇੰਦਰਾ ਗਾਂਧੀ ਹਕੂਮਤ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਸ੍ਰੀ ਦਰਬਾਰ ਸਾਹਿਬ ਤੇ ਤੋਪਾਂ ਟੈਂਕਾ ਨਾਲ ਹਮਲਾ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨਾ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੋਲੀਆਂ ਮਾਰਨੀਆਂ, ਸ੍ਰੀ ਦਰਬਾਰ ਸਾਹਿਬ ਦੇ ਅੰਦਰ ਕੀਰਤਨ ਕਰ ਰਹੇ ਰਾਗੀ ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਨਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਮਨਾਉਣ ਆਈਆਂ ਹਜ਼ਾਰਾਂ ਨਿਰਦੋਸ਼ ਸੰਗਤਾਂ ਸ਼ਰਧਾਲੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਏ ਜਾਣ ਨਾਲ ਉਨ੍ਹਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਇਸ ਕੌਮੀ ਦੁਖਾਂਤ ਨਾਲ ਦੁਨੀਆ ਭਰ ਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਜਿਸ ਦਾ ਦਰਦ ਅੱਜ ਵੀ ਸਿੱਖ ਹਿਰਦਿਆਂ ਚ ਬਰਕਰਾਰ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਕਤ ਵੱਡੇ ਨੁਕਸਾਨ ਲਈ ਆਰਥਿਕ ਭਰਪਾਈ ਮਸਲੇ ਦਾ ਕੋਈ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਉਸ ਵਕਤ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਹਮਲੇ ਨੂੰ ਲੈ ਕੇ ਕੇਂਦਰ ਖਿਲਾਫ ਵਿੱਤੀ ਹਰਜਾਨੇ ਦਾ ਕੇਸ ਦਾਇਰ ਕਰਨ ਪਿੱਛੇ ਕੀਤੇ ਗਏ ਹਮਲੇ ਪ੍ਰਤੀ ਸਮੁੱਚੇ ਨੁਕਸਾਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਤੇ ਪਾਉਂਦਿਆਂ ਉਸ ਤੋਂ ਇਹ ਸਵੀਕਾਰ ਕਰਾਉਣਾ ਸੀ ਕਿ ਗੁਰ ਅਸਥਾਨਾਂ ਤੇ ਕੀਤੇ ਗਏ ਫ਼ੌਜੀ ਹਮਲੇ ਪੂਰੀ ਤੌਰ ਤੇ ਨਜਾਇਜ਼ ਸੀ। ਉਨ੍ਹਾਂ ਕਿਹਾ ਕਿ ਇਕ ਵੱਡੀ ਤੇ ਤਸੱਲੀ ਵਾਲੀ ਗਲ ਇਹ ਵੀ ਹੈ ਕਿ ਕੇਸ 35- 36 ਸਾਲ ਲੰਮਾ ਚੱਲਣ ਦੇ ਬਾਵਜੂਦ ਅੱਜ ਇਸ ਸਥਿਤੀ ਵਿਚ ਹੈ ਕਿ ਜਿਸ ਤੋਂ ਇਹ ਸਪਸ਼ਟ ਹੋਵੇਗਾ ਕਿ ਉਸ ਸਮੇਂ ਕਾਂਗਰਸ ਦੀ ਹਕੂਮਤ ਦੀ ਵੱਡੀ ਗ਼ਲਤੀ ਕਾਰਨ ਹੀ ਤੀਸਰਾ ਘੱਲੂਘਾਰਾ ਵਾਪਰਿਆ। ਸੰਸਾਰ ਦੀ ਸਮੁੱਚਾ ਸਿੱਖ ਜਗਤ ਉਕਤ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਅਖ਼ਬਾਰਾਂ ਰਾਹੀਂ ਪਤਾ ਲਗਾ ਹੈ ਕਿ ਦਿਲੀ ਹਾਈ ਕੋਰਟ ਵੱਲੋਂ ਉਕਤ ਕੇਸ ਸੰਬੰਧੀ ਦੋਹਾਂ ਧਿਰਾਂ ਸ਼੍ਰੋਮਣੀ ਕਮੇਟੀ ਅਤੇ ਕੇਂਦਰ ਸਰਕਾਰ ਨੂੰ ਇਹ ਰਾਏ ਦਿੱਤੀ ਗਈ ਕਿ ਦੋਹਾਂ ਹੀ ਧਿਰਾਂ ਚਾਹੁਣ ਤੇ ਅਦਾਲਤ ਤੋਂ ਬਾਹਰ ਆਪਸ ਵਿਚ ਬੈਠ ਕੇ ਇਸ ਮਸਲੇ ਦਾ ਹੱਲ ਕਰ ਲੈਣ। ਜਦਕਿ ਕੇਂਦਰ ਸਰਕਾਰ ਇਹ ਪ੍ਰਸਤਾਵ ਸ਼੍ਰੋਮਣੀ ਕਮੇਟੀ ਨੂੰ ਪਿਛਲੇ ਸਾਲ ਦੇ ਚੁੱਕੀ ਹੈ। ਪਰ ਦਮਦਮੀ ਟਕਸਾਲ ਸਮੁੱਚੇ ਪੰਥ ਨੂੰ ਅਤੇ ਵਿਸ਼ੇਸ਼ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਗਾਊਂ ਸੁਚੇਤ ਕਰਦੀ ਹੈ ਕਿ ਉਹ ਇਸ ਪੰਥ ਦੀ ਆਨ ਸ਼ਾਨ ਦੇ ਮਾਮਲੇ ਚ ਪੰਥ ਦੀਆਂ ਭਾਵਨਾਵਾਂ ਨੂੰ ਸਮਝੇ। ਇਹ ਮਾਮਲਾ ਜਿੱਥੇ ਸਮੁੱਚੇ ਪੰਥ ਨਾਲ ਜੁੜਿਆ ਹੋਇਆ ਹੈ ਉੱਥੇ ਵਿਸ਼ੇਸ਼ ਤੌਰ ਤੇ ਦਮਦਮੀ ਟਕਸਾਲ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਦਾਲਤ ਤੋਂ ਬਾਹਰ ਕਿਸੇ ਕਿਸਮ ਦਾ ਸਮਝੌਤਾ ਪੰਥ ਪਰਵਾਨ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਿੱਖ ਪੰਥ ਜਾਣਨਾ ਚਾਹੁੰਦੀ ਹੈ ਕਿ ਆਪਣੇ ਆਪ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੋਣ ਦਾ ਦਾਅਵਾ ਕਰਨ ਵਾਲੀ ਭਾਰਤ ਸਰਕਾਰ ਦੱਸੇ ਕਿ ਸਾਡੇ ਸਤਿਕਾਰ ਯੋਗ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤੋਪਾਂ ਟੈਂਕਾ ਨਾਲ ਹਮਲਾ ਕਿਉਂ ਕੀਤਾ? ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨਾਲ ਭਾਈ ਜਸਵੀਰ ਸਿੰਘ ਖ਼ਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਅਜੈਬ ਸਿੰਘ ਅਭਿਆਸੀ ਅਤੇ ਪ੍ਰੋ: ਸਰਚਾਂਦ ਸਿੰਘ ਵੀ ਮੌਜੂਦ ਸਨ।

NASIR CLOTH STORE
ਅਸਲੀ ਪਾਕਿਸਤਾਨੀ ਸੂਤੀ, ਊਨੀ ਅਤੇ ਸਿਲਕ
We Provide Tailoring Services

Ladies & Gents
Party Wear
Bridal Wear
Suits
Sherwani
Special Pakistani
Wool, Cotton & Silk
T: 236-880-2870
#6 - 13791 - 72 Ave., Surrey BC

TPSG
IMMIGRATION CONSULTANCY INC.
STUDY & WORK IN CANADA
We Provide All Kinds Of Immigration Services
• LMIA • PNP
• Express Entry
• Student Visa
• Study Permit
• Work Permit
• Visitor Visa
• Family Sponsorship
• Super Visa
• Permanent Resident
• Citizenship
MOVED TO NEW LOCATION
• ਐਲ.ਐਮ ਆਈ ਏ
• ਪੀ.ਐਨ.ਪੀ
• ਐਕਸਪ੍ਰੈਸ ਐਂਟਰੀ
• ਫੈਮਲੀ ਸਪਾਂਸਰਸ਼ਿਪ
• ਵਿਜ਼ਟਰ ਵੀਜ਼ਾ
• ਸੱਟਡੀ ਪਰਮਿਟ
• ਵਰਕ ਪਰਮਿਟ
• ਸੁਪਰ ਵੀਜ਼ਾ
• ਪੀ.ਆਰ
• ਸਿਟੀਜ਼ਨਸ਼ਿਪ
ਸਟਾਰਟਅੱਪ ਵੀਜ਼ਾ ਪ੍ਰੋਗਰਾਮ (ਬਿਜ਼ਨਸ)

Office: 778-590-5906
Email: tpsgimmigration@telus.net
Website: www.tpsgimmigration.com
8132 130 St., Surrey BC, V3W 8J9
Meet the best in our team of specialist and let help you get to where you want to go.
RUPINDER KAUR 604-518-2577
TEJINDER GREWAL 604-837-3101
rcic·cric
License No. 562


WANT TO BUY / SELL?
Tejinder S. Bansal
REALTOR
604.671.5783
Email: tbansal@msn.com
MULTIPLE REALTY LTD.
Multiple Realty Ltd.
768 Kingsway, Vancouver
TEL: 604-434-1431
www.multiplerealty.com
5137 CALVERT DR, DELTA

Beautiful in and outside totally remodelled. 3 bedroom, 2 Bathroom Rancher. 66'x102' lot in a very desirable area.
ASKING ONLY $1,049,000
6340 BUSWELL ST, RICHMOND


Top floor, Corner unit, 2 Bedroom 2 Bathroom, Prime Location, Short walk to Richmond Sky Train, Rental OK
COMING SOON !!
Industrial Warehouse in Richmond Near No. 6 Road on 1999 Savage. Call for more info.

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਨਵੀਂ ਕਮੇਟੀ ਗਠਿਤ ਅਤੇ ਮੀਟਿੰਗ



ਸਿਆਟਲ (ਗੁਰਚਰਨ ਸਿੰਘ ਢਿੱਲੋਂ)-ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਸਰਬ ਸੰਮਤੀ ਨਾਲ ਨਵੀਂ ਚੁਣੀ ਕਮੇਟੀ ਵਿੱਚ ਹਰਪਾਲ ਸਿੰਘ ਸਿੱਧੂ, ਜੋ ਕਿ ਪਿਛਲੇ 13 ਸਾਲਾਂ ਤੋਂ ਇਸ ਸਭਾ ਦੀ ਸੇਵਾ ਕਰ ਰਹੇ ਹਨ ਨੂੰ ਪ੍ਰਧਾਨ, ਬਲਿਹਾਰ ਲਹਿਲ ਨੂੰ ਮੀਤ ਪ੍ਰਧਾਨ, ਸੁਖਵੀਰ ਬੀਹਲਾ ਨੂੰ ਜਨਰਲ ਸਕੱਤਰ,ਸਾਧੂ ਸਿੰਘ ਝੱਜ ਨੂੰ ਮੀਤ ਸਕੱਤਰ, ਪ੍ਰਿਤਪਾਲ ਸਿੰਘ ਟਿਵਾਣਾ ਨੂੰ ਖਜ਼ਾਨਚੀ ਅਤੇ ਮੰਗਤ ਕੁਲਜਿੰਦ ਨੂੰ ਪ੍ਰੈਸ ਸਕੱਤਰ ਬਣਾਇਆ ਗਿਆ। ਮਿਤੀ 06/06/2021 ਨੂੰ ਗੁਰਦੁਆਰਾ ਸੱਚਾ ਮਾਰਗ ਸਾਹਿਬ,ਆਬਰਨ ਵਿੱਚ ਸਭਾ ਦੇ ਸਰਪ੍ਰਸਤ ਸ਼ਿੰਗਾਰਾ ਸਿੰਘ ਸਿੱਧੂ ਜੀ ਦੀ ਸਰਪ੍ਰਸਤੀ 'ਚ ਮੀਟਿੰਗ ਕੀਤੀ ਗਈ ਜਿਸ ਵਿੱਚ ਨਵੇਂ ਬਣੇ ਅਹੁਦੇਦਾਰਾਂ ਅਤੇ ਸਭਾ ਦੇ ਮੈਂਬਰਾਂ ਨੇ ਹਿੱਸਾ ਲਿਆ।ਸਭਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸੱਭ ਤੋਂ ਪਹਿਲਾਂ ਸੱਚੇ ਪਾਤਸ਼ਾਹ ਦਾ ਸ਼ੁਕਰਾਨਾ ਕਰਨ ਲਈ ਅਤੇ ਅਗਾਂਹ ਤੋਂ ਸਭਾ ਦੇ ਕਾਰਜਾਂ ਉਪਰ ਬਖਸ਼ਿਸ਼ ਬਣਾਈ ਰੱਖਣ ਲਈ ਅਰਦਾਸ ਕੀਤੀ।ਸਭਾ ਦੀਆਂ ਸਤਿਕਾਰਿਤ ਸ਼ਖਸ਼ੀਅਤਾਂ ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ,ਸਾਬਕਾ ਪ੍ਰਧਾਨ ਡਾ।ਜੇ।ਬੀ। ਸਿੰਘ,ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ,ਉਘੇ ਸਾਹਿਤਕਾਰ ਅਵਤਾਰ ਸਿੰਘ ਬਿਲਿੰਗ, ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਡਾ।ਪ੍ਰੇਮ ਕੁਮਾਰ, ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਮੋਹਰੀ ਹਰਸ਼ਿੰਦਰ ਸਿੰਘ ਸੰਧੂ, ਲੇਖਕ ਸ਼ਿੰਦਰਪਾਲ ਔਜਲਾ, ਸਿਆਟਲ ਦੀ ਜਾਣੀ ਪਹਿਚਾਣੀ ਹਸਤੀ ਲਾਲੀ ਸੰਧੂ ,ਲੇਖਿਕਾ ਬੀਬੀ ਸਵਰਾਜ ਕੌਰ ਅਤੇ ਭੈਣ ਯਸ਼ ਸਾਥੀ ਨੇ ਨਵੀਂ ਚੁਣੀ ਕਮੇਟੀ ਨੂੰ ਮੁਬਾਰਕਾਂ ਅਤੇ ਆਸ਼ੀਰਵਾਦ ਦਿੱਤਾ। ਮੀਟਿੰਗ ਦੇ ਸ਼ੁਰੂ ਵਿੱਚ ਸਭਾ ਬਾਰੇ ਜਾਣਕਾਰੀ ਦਿੰਦਿਆ ਹਰਪਾਲ ਸਿੱਧੂ ਨੇ ਸਾਬਕਾ ਕਮੇਟੀ ਦੇ ਪ੍ਰਧਾਨ ਡਾ।ਜੇ।ਬੀ ਸਿੰਘ ਅਤੇ ਸਕੱਤਰ ਬਲਿਹਾਰ ਲਹਿਲ ਦੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਪਿਛਲੀ ਕਮੇਟੀ ਦਾ ਧੰਨਵਾਦ ਕੀਤਾ।ਵਿਚਾਰ ਵਟਾਂਦਰੇ ਮੌਕੇ ਆਉਣ ਵਾਲੇ ਸਮੇਂ ਵਿਚ ਸਭਾ ਵੱਲੋਂ ਇਕ ਪੰਜਾਬ ਭਵਨ ਦੀ ਸਥਾਪਨਾ ਦਾ ਟੀਚਾ ਉਲੀਕਦੇ ਹੋਏ ਇਸ ਕਾਰਜ ਨੂੰ ਛੇਤੀ ਤੋਂ ਛੇਤੀ ਨੇਪੜੇ ਚੜ੍ਹਾਉਣ ਦਾ ਸੰਕਲਪ ਲਿਆ ਗਿਆ ਅਤੇ ਸਮੂਹ ਸਿਆਟਲ ਦੀ ਸੰਗਤ ਨੂੰ ਇਸ ਵਿੱਚ ਆਪਣਾ ਯੋਗਦਾਨ ਪਾਉਣ ਲਈ ਅਪੀਲ ਕੀਤੀ ਗਈ।ਹਾਜ਼ਰ ਸਾਹਿਤਕਾਰਾਂ ਨੇ ਸਾਹਿਤ,ਸੱਭਿਆਚਾਰ, ਪੰਜਾਬੀ ਅਤੇ ਪੰਜਾਬੀਅਤ ਨੂੰ ਆਪਣੀਆਂ ਲਿਖਤਾਂ ਅਤੇ ਕਾਰਜਾਂ ਨਾਲ ਪ੍ਰਫੁਲਤ ਕਰਨ ਦਾ ਅਹਿਦ ਲੈਂਦਿਆ,ਆਪਣੀਆਂ ਰਚਨਾਵਾਂ ਦਾ ਪਾਠ ਵੀ ਕੀਤਾ।ਜਲਦੀ ਹੀ ਅਗਲੀ ਮੀਟਿੰਗ ਕਰਨ ਦਾ ਫੈਸਲਾ ਲਿਆ ਗਿਆ।

## ਕੈਪਟਨ ਸਰਕਾਰ ਨੇ ਕੇਂਦਰ ਤੋਂ ਪ੍ਰਾਪਤ ਕੀਤੇ ਕੋਵੈਕਸੀਨ ਟੀਕੇ ਪ੍ਰਾਈਵੇਟ ਹਸਪਤਾਲਾਂ ਨੂੰ ਵੇਚੇ

[ਸਫ਼ਾ 3 ਦੀ ਬਾਕੀ]

ਉਨ੍ਹਾਂ ਕਿਹਾ ਕਿ ਸੂਬੇ 'ਚ ਕੋਵਿਡ ਟੈਸਟਿੰਗ 'ਚ ਵੀ ਸਰਕਾਰ ਦੀ ਸ਼ਮੂਲੀਅਤ ਵੱਡੇ ਪੱਧਰ 'ਤੇ ਨਜ਼ਰ ਨਹੀਂ ਆ ਰਹੀ ਹੈ ਜਦਕਿ ਪੰਜਾਬ 'ਚ ਮਹਾਮਾਰੀ ਨੇ ਕਹਿਰ ਢਾਹਿਆ ਹੈ ਅਤੇ ਸਰਕਾਰ 'ਮੁਨਾਫ਼ਾ' ਕਮਾਉਣ ਵੱਲ ਲੱਗੀ ਹੈ।ਜਾਵੜੇਕਰ ਨੇ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਵੈਕਸੀਨ ਨੀਤੀ 'ਤੇ ਹੋਰਾਂ ਨੂੰ ਲੈਕਚਰ ਦੇਣ ਦੀ ਬਜਾਏ ਪਹਿਲਾਂ ਆਪਣੀ ਪਾਰਟੀ ਵਾਲੇ ਸੂਬੇ ਵੱਲ ਧਿਆਨ ਦੇਣ। ਉਨ੍ਹਾਂ ਕਿਹਾ ਕਿ ਸੂਬੇ ਨੂੰ ਕੇਂਦਰ ਨੇ ਹੁਣ ਤੱਕ ਕਰੋਨਾ ਤੋਂ ਬਚਾਅ ਦੇ ਟੀਕਿਆਂ ਦੀਆਂ 22 ਕਰੋੜ ਖੁਰਾਕਾਂ ਮੁਫ਼ਤ 'ਚ ਦਿੱਤੀਆਂ ਹਨ।

### ਕੋਵਿਡ ਵੈਕਸੀਨ ਵਾਪਸ ਲੈਣ ਦੇ ਹੁਕਮ

ਇਸੇ ਦੌਰਾਨ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਸੂਬੇ ਵੱਲੋਂ ਨਿੱਜੀ ਹਸਪਤਾਲਾਂ ਨੂੰ ਇਕ ਸਮੇਂ ਦੀ ਸੀਮਤ ਟੀਕਾ ਖੁਰਾਕ ਮੁਹੱਈਆ ਕਰਵਾਉਣ ਦੀਆਂ ਹਦਾਇਤਾਂ ਵਾਪਸ ਲੈ ਲਈਆਂ ਗਈਆਂ ਹਨ। ਹੁਣ 18 ਤੋਂ 44 ਸਾਲ ਦੇ ਵਿਅਕਤੀਆਂ ਨੂੰ ਸਰਕਾਰੀ ਟੀਕਾਕਰਨ ਕੇਂਦਰਾਂ 'ਚ ਇਹ ਵੈਕਸੀਨ ਮੁਫ਼ਤ 'ਚ ਲਗਾਈ ਜਾਵੇਗੀ। ਸ੍ਰੀ ਸਿੱਧੂ ਨੇ ਦੱਸਿਆ ਕਿ ਕੋਵਿਡ ਟੀਕਾਕਰਨ ਲਈ ਸਟੇਟ ਇੰਚਰਾਜ ਵਿਕਾਸ ਗਰਗ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਪ੍ਰਾਈਵੇਟ ਹਸਪਤਾਲਾਂ ਨੂੰ 42,000 ਖੁਰਾਕਾਂ ਵੰਡੀਆਂ ਗਈਆਂ ਜਿਸ ਵਿੱਚੋਂ ਸਿਰਫ਼ 600 ਖੁਰਾਕਾਂ ਲੋਕਾਂ ਨੂੰ ਲਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਰੇ ਸਿਵਲ ਸਰਜਨਾਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ ਕਿ ਕਿਸੇ ਵੀ ਪ੍ਰਾਈਵੇਟ ਹਸਪਤਾਲ ਨੂੰ ਕੋਈ ਨਵੀਂ ਅਲਾਟਮੈਂਟ ਨਾ ਕੀਤੀ ਜਾਵੇ ਅਤੇ ਪ੍ਰਾਈਵੇਟ ਹਸਪਤਾਲਾਂ ਕੋਲ ਮੌਜੂਦ ਵੈਕਸੀਨ ਦੀ ਖੁਰਾਕ ਤੁਰੰਤ ਵਾਪਸ ਲਈ ਜਾਵੇ।

## ਯੋਗ ਗੁਰੂ ਰਾਮਦੇਵ ਖ਼ਿਲਾਫ਼ ਕੇਸ ਦਰਜ

[ਸਫ਼ਾ 3 ਦੀ ਬਾਕੀ]

ਪਹਿਲਾਂ ਰਾਮਦੇਵ ਅਤੇ ਐਲੋਪੈਥੀ ਦੇ ਡਾਕਟਰਾਂ ਵਿਚਕਾਰ ਟਕਰਾਅ ਪੈਦਾ ਹੋ ਗਿਆ ਸੀ ਜਿਸ ਕਾਰਨ ਆਈਐੱਮਏ ਨੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰਾਉਣ ਦੇ ਨਾਲ ਨਾਲ ਇਕ ਹਜ਼ਾਰ ਕਰੋੜ ਰੁਪਏ ਦੇ ਮਾਣਹਾਨੀ ਦਾ ਨੋਟਿਸ ਦਿੱਤਾ ਹੋਇਆ ਹੈ। ਡਰੱਗ ਮਾਫੀਆ ਬਾਰੇ ਟਿੱਪਣੀ ਕਰਦਿਆਂ ਯੋਗ ਗੁਰੂ ਨੇ ਕਿਹਾ, "ਅਸੀਂ ਕਿਸੇ ਸੰਸਥਾ ਨਾਲ ਕੋਈ ਦੁਸ਼ਮਣੀ ਨਹੀਂ ਰੱਖ ਸਕਦੇ ਹਾਂ। ਸਾਰੇ ਵਧੀਆ ਡਾਕਟਰ ਰੱਬ ਵੱਲੋਂ ਧਰਤੀ 'ਤੇ ਭੇਜੇ ਗਏ ਉਸ ਦੇ ਦੂਤ ਹਨ। ਉਹ ਧਰਤੀ ਲਈ ਤੋਹਫ਼ਾ ਹਨ ਪਰ ਜੇਕਰ ਕੋਈ ਡਾਕਟਰ ਕੁਝ ਗਲਤ ਕਰਦਾ ਹੈ ਤਾਂ ਇਹ ਇਕੱਲੇ ਉਸ ਦੀ ਗਲਤੀ ਹੈ। ਪ੍ਰਧਾਨ ਮੰਤਰੀ ਜਨ ਔਸ਼ਧੀ ਸਟੋਰ ਖੋਲ੍ਹੇ ਜਾਣੇ ਚਾਹੀਦੇ ਹਨ ਕਿਉਂਕਿ ਡਰੱਗ ਮਾਫ਼ੀਏ ਨੇ ਚਮਕਦਾਰ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ ਜਿਥੇ ਉਹ ਮਹਿੰਗੇ ਭਾਅ 'ਤੇ ਬੇਲੋੜੀਆਂ ਦਵਾਈਆਂ ਵੇਚ ਰਹੇ ਹਨ।' ਰਾਮਦੇਵ ਨੇ ਕਿਹਾ ਕਿ ਜਿਹੜੇ ਡਾਕਟਰ ਉਨ੍ਹਾਂ ਦਾ ਵਿਰੋਧ ਕਰ ਰਹੇ ਹਨ, ਉਹ ਸੰਸਥਾਨ ਰਾਹੀਂ ਅੱਗੇ ਨਹੀਂ ਆ ਰਹੇ ਹਨ। ਐਲੋਪੈਥੀ ਅਤੇ ਆਯੁਰਵੇਦ ਵਿਚਕਾਰ ਵਿਵਾਦ ਮਗਰੋਂ ਯੋਗ ਗੁਰੂ ਨੇ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਐਲੋਪੈਥੀ ਐਮਰਜੈਂਸੀ ਕੇਸਾਂ ਅਤੇ ਸਰਜਰੀਆਂ ਲਈ ਬਿਹਤਰ ਹੈ ਪਰ ਆਯੁਰਵੇਦ ਨਾ ਠੀਕ ਹੋਣ ਵਾਲੇ ਰੋਗਾਂ ਦਾ ਵੀ ਇਲਾਜ ਕਰਦੀ ਹੈ। ਉਨ੍ਹਾਂ ਉੱਤਰਾਖੰਡ ਸਰਕਾਰ ਨੂੰ ਕਿਹਾ ਹੈ ਕਿ ਉਹ ਸ਼ਰਧਾਲੂਆਂ ਨੂੰ ਚਾਰਧਾਮ ਯਾਤਰਾ ਦੀ ਇਜਾਜ਼ਤ ਦੇਵੇ।


JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜਰਬਾ

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE





-ਮੁਫ਼ਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey



HARDEV SINGH GREWAL
Mortgage Consultant
Cell: 604-500-3920

www.homelandmortgage.ca,
homelandmortgage@hotmail.com




KULDIP S PANESAR
Senior Mortgage Advisor
Cell: 604-308-6839

# ਫਾਰਮ ਵਰਕਰਾਂ ਦੀ ਲੋੜ

ਬਲਿਊ ਬੇਰੀ ਫਾਰਮ ਵਾਲਿਆਂ ਨੂੰ ਬਲਿਊ ਬੇਰੀ ਤੋੜਨ ਲਈ ਮਸ਼ੀਨ ਓਪਰੇਟਰਾਂ ਦੀ ਜ਼ਰੂਰਤ ਹੈ। ਕੰਮ ਲਈ ਸਿੱਧਾ ਫਾਰਮ ਨਾਲ ਸੰਪਰਕ ਕਰੋ। ਰਾਇਡ ਦਾ ਪੂਰਾ ਪ੍ਰਬੰਧ ਹੈ। ਕੀਤੇ ਹੋਏ ਕੰਮ ਦੀਆਂ ਵੀਕਾਂ ਦਿਤੀਆਂ ਜਾਣਗੀਆਂ। ਤਨਖ਼ਾਹ ਬਾਇ-ਵੀਕਲੀ ਦਿੱਤੀ ਜਾਵੇਗੀ। ਪਿਕਿੰਗ ਤੋਂ ਬਾਦ ਬੇਰੀ ਪਰੂਨਿੰਗ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ।

ਜਨਰਲ ਫਾਰਮ ਵਰਕਰਾਂ ਦੀ ਲੋੜ ਹੈ।

ਪਰਦੀਪ ਸੇਖੋਂ:
604-813-0713
604-591-5104




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

264 ਰਮਜ਼ਾਨ ਖਾਂ ਸੀ ਨਾਚੀਆਂ ਵਿਚ ਸੁੱਤਾ, ਵਕਤ ਮਿਲਿਆ ਕੱਪੜੇ ਪਾਉਣ ਦਾ ਨਾ।
ਅੱਧ-ਨੰਗੇ ਤੰਬੂਆਂ ਵਿੱਚ ਲੁਕੇ, ਸਮਾਂ ਮਿਲਿਆ ਦੀਪ ਜਗਾਉਣ ਦਾ ਨਾ।
ਰੱਸੇ ਕੱਟ ਤੇ ਘੋੜੇ ਹਰਨ ਹੋਏ, ਹੋਇਆ ਹੌਸਲਾ ਕਾਠੀਆਂ ਪਾਉਣ ਦਾ ਨਾ।
ਮੁਗਲ ਭੱਜੇ ਜਿੱਧਰ ਨੂੰ ਮੂੰਹ ਹੋਇਆ, ਸਮਾਂ ਮਿਲਿਆ ਤੇਗ ਉਠਾਉਣ ਦਾ ਨਾ॥

265 ਜੋ ਅੜੇ ਉਹੋ ਅੰਤ ਝੜੇ, ਬਾਕੀ ਸਿੰਘਾਂ ਨੇ ਦੂਰ ਭਜਾ ਦਿੱਤੇ।
ਮਸ਼ਾਲਾਂ ਬਾਲ ਕੇ ਉਨ੍ਹਾਂ ਦੇ ਗਏ ਪਿੱਛੇ, ਰੱਸੇ ਕੱਟ ਕੇ ਤੰਬੂ ਗਿਰਾ ਦਿੱਤੇ।
ਤੰਬੂ, ਘੋੜੇ ਮਾਲ ਹਥਿਆਰ ਸਾਰੇ, ਅਨੰਦਪੁਰ ਸੀ ਸਿੰਘਾਂ ਪਹੁੰਚਾ ਦਿੱਤੇ।
ਨੰਗੇ ਪੈਰੀਂ ਮੁਗਲ ਹਰਚੰਦ ਸਿੰਘਾ, ਰਾਹ ਦਿੱਲੀ ਦੇ ਸਿੰਘਾਂ ਨੇ ਪਾ ਦਿੱਤੇ॥

266 ਮਿਲੀਆਂ ਖਬਰਾਂ ਮਾੜੀਆਂ ਬਾਦਸ਼ਾਹ ਨੂੰ, ਰਮਜ਼ਾਨ ਚੰਗੀਆਂ ਪੂਰੀਆਂ ਪਾ ਆਇਆ।
ਉਸ ਸਿੰਘਾਂ ਨੂੰ ਕੀ ਪਛਾੜਨਾ ਸੀ, ਉਹ ਤੇ ਆਪਣੀ ਫ਼ੌਜ ਮਰਵਾਅ ਆਇਆ।
ਤੰਬੂ, ਸੀਧਾ, ਧਨ, ਹਥਿਆਰ, ਘੋੜੇ, ਸਾਰੇ ਸਿੰਘਾਂ ਤਾਈਂ ਲੁਟਾ ਆਇਆ।
ਇਕ ਸੰਤ ਤੋਂ ਹਿੰਦ ਤੇ ਬਾਦਸ਼ਾਹ ਦਾ, ਹਰਚੰਦ ਸਿੰਘਾ ਨੱਕ ਕਟਵਾ ਆਇਆ॥

267 ਖ਼ੂਨ ਜਿਨ੍ਹਾਂ ਸਰੀਰ ਦੇ ਵਿੱਚ ਹੈ ਸੀ, ਔਰੰਗਜ਼ੇਬ ਦਾ ਸਿਰ ਨੂੰ ਚਾੜ੍ਹਿਆ ਏ।
ਰੂਹ ਉਸਦੀ ਲਾਹਨਤਾਂ ਪਾਉਣ ਲੱਗੀ, ਸਿਰ ਉਸਨੇ ਆਪਣਾ ਫੜਿਆ ਏ।
ਖਬਰ ਸੁਣ ਕੇ ਭੁੱਜਗੇ ਕੰਨ ਉਸਦੇ, ਰੋਮ ਰੋਮ ਸਰੀਰ ਦਾ ਸੜਿਆ ਏ।
ਹਰਚੰਦ ਸਿੰਘਾ ਮੁੜਿਆ ਹਾਰ ਖਾ ਕੇ, ਸਿੰਘਾਂ ਨਾਲ ਜੋ ਜਾ ਕੇ ਲੜਿਆ ਏ॥

268 ਮਰੀ ਭੁੱਖ ਤੇ ਲੁੱਟਿਆ ਚੈਨ ਉਸਦਾ, ਰਾਤੀਂ ਪਿਆ ਨੀਂਦ ਨਾ ਆਂਵਦੀ ਏ।
ਸਿੰਘਾਂ ਆਣਕੇ ਦਿੱਲੀ ਹੈ ਮਾਰ ਲੈਣੀ, ਚਿੰਤਾ ਉਸ ਨੂੰ ਵੱਢ ਕੇ ਖਾਂਵਦੀ ਏ।
ਸ਼ਾਇਰ ਆ ਕੇ ਸ਼ਾਇਰੀ ਸੁਣਾਨ ਲੱਗੇ, ਕੋਈ ਗ਼ਜ਼ਲ ਮਨ ਨਾ ਭਾਂਵਦੀ ਏ।
ਹਰਚੰਦ ਸਿੰਘਾ ਹਾਰ ਅਨੰਦਪੁਰ ਦੀ, ਔਰੰਗਜ਼ੇਬ ਦੇ ਸਾਹ ਸੁਕਾਂਵਦੀ ਏ॥

269 ਭੱਠੀ ਪੈ ਕ੍ਰੋਧ ਦੀ ਸੁਰਖ ਹੋ ਕੇ, ਆਖਰ ਕੀਤਾ ਉਸ ਐਲਾਨ ਮੀਆਂ।
ਰਾਖੀ ਕਰੋ ਇਸਲਾਮ ਦੀ ਮੁਸਲਮਾਨੋਂ, ਵਕਤ ਆ ਗਿਆ ਹੋਵੇ ਕੁਰਬਾਨ ਮੀਆਂ।
ਸ਼ਾਹੀ ਫ਼ੌਜ ਦਿੱਲੀ ਤੋਂ ਆਂਵਦੀ ਏ, ਕੱਠਾ ਕਰ ਲਓ ਸਭ ਸਮਾਨ ਮੀਆਂ।
ਰੰਘੜ, ਗੁੱਜਰ, ਰਾਜੇ ਨਵਾਬ ਸਾਰੇ, ਲੈ ਲਸ਼ਕਰ ਅਨੰਦਪੁਰ ਜਾਣ ਮੀਆਂ॥

270 ਮੂੰਹ ਖੋਲ੍ਹ ਤੇ ਝੱਟ ਖ਼ਜ਼ਾਨਿਆਂ ਦੇ, ਦਿੱਲੀ-ਦੱਖਣ ਦਾ ਸਭ ਮੁਸਲਮਾਨ ਚੜ੍ਹਿਆ।
ਦਿਲਾਵਰ ਖਾਂ ਜਬਰਦਸਤ ਖਾਂ ਚੱਲੇ ਲਾਹੌਰ ਤੋਂ ਸੀ, ਸਰਹਿੰਦ ਸ਼ਹਿਰ ਤੋਂ ਵਜ਼ੀਰ ਖਾਨ ਚੜ੍ਹਿਆ।
ਨਵਾਬ ਜੰਮੂ ਅਤੇ ਮਲੇਰੀਆ ਵੀ, ਲੈ ਕੇ ਗੱਭਰੂ ਖਾਨ-ਪਠਾਨ ਚੜ੍ਹਿਆ।
ਹਰਚੰਦ ਸਿੰਘਾ ਚੜ੍ਹੇ ਬਾਈ ਧਾਰ ਰਾਜੇ, ਅਨੰਦਪੁਰ ਤੇ ਹਿੰਦੁਸਤਾਨ ਚੜ੍ਹਿਆ॥

## ਦੇਸ਼-ਕੌਮ ਲਈ ਕੁਰਬਾਨ ਹੋਣ ਲਈ ਸਿੱਖਾਂ ਦਾ ਆਉਣਾ

271 ਪਤਾ ਲੱਗੂ ਗੁਰੂ ਪਿਆਰਿਆਂ ਨੂੰ, ਉਹ ਵੀ ਛੱਡ ਕੇ ਜੀਣ ਦਾ ਚਾਅ ਆਏ।
ਮੱਥਾ ਲਾਉਣਾ ਮੌਤ ਦੇ ਨਾਲ ਜਾ ਕੇ, ਫਤਿਹ ਆਖਰੀ ਘਰ ਬੁਲਾ ਆਏ।
ਨਾ ਤਨਖਾਹ ਤੇ ਨਾ ਜਗੀਰ ਮਿਲਣੀ, ਜੋ ਕੋਲ ਸੀ ਵੇਚ ਕੇ ਲਾ ਆਏ।
ਦੇਸ਼ ਕੌਮ ਲਈ ਵੇਖ ਹਰਚੰਦ ਸਿੰਘਾ, ਜੀਵਨ ਮੌਤ ਦੇ ਨਾਲ ਵਟਾ ਆਏ॥

## ਮੁਗ਼ਲ ਫ਼ੌਜਾਂ ਨੇ ਪਰਜਾ ਲੁੱਟਣੀ

272 ਖਰਚ-ਪਾਣੀ ਸਭ ਸਰਕਾਰ ਦਾ ਏ, ਮੁਲਖਈਆ ਤੁਰਿਆ ਫ਼ੌਜ ਦੇ ਨਾਲ ਹੈ ਸੀ।
ਇੱਜੜ-ਬੱਗ ਜਿੱਥੇ ਵੀ ਨਜ਼ਰ ਆਏ, ਪਸ਼ੂ ਕੀਤੇ ਫੜ ਹਲਾਲ ਹੈ ਸੀ।
ਪਿੰਡ ਲੁੱਟੇ ਖੇਤ ਉਜਾੜ ਦਿੱਤੇ, ਜਿੱਥੋਂ ਲੰਘੇ ਚੰਮ-ਚੰਡਾਲ ਹੈ ਸੀ।
ਹਰਚੰਦ ਸਿੰਘਾ ਰੱਬ ਵੀ ਧਾਹ ਮਾਰੀ, ਬੇ-ਵਸਾਂ ਦਾ ਤੱਕ ਕੇ ਹਾਲ ਹੈ ਸੀ॥

273 ਪੂਰਬ, ਪੱਛਮ, ਦੱਖਣ ਤੇ ਉੱਤਰ ਵੱਲੋਂ, ਭਾਰੀ ਦਲ ਪਏ ਚੜ੍ਹੇ ਆਂਵਦੇ ਨੇ।
ਥਲ, ਬੇਲੇ, ਟੱਪ ਪਹਾੜ ਨਦੀਆਂ, ਘੇਰਾ ਅਨੰਦਪੁਰ ਨੂੰ ਪਾਂਵਦੇ ਨੇ।
ਅਜਮੇਰ ਚੰਦ ਅਤੇ ਘਮੰਡ ਚੰਦ, ਬੀਰ ਸਿੰਘ ਨੂੰ ਨਾਲ ਲਿਆਂਵਦੇ ਨੇ।
ਹਰਚੰਦ ਸਿੰਘਾ ਬੈਠ ਕੇ ਮੁਖੀ ਸਾਰੇ, ਹਮਲਾ ਕਰਨ ਦੀ ਵਿਧੀ ਬਣਾਂਵਦੇ ਨੇ॥

274 ਇਕ ਦੂਜੇ ਤੋਂ ਵੱਧ ਕੇ ਕਰਨ ਕਾਹਲੀ, ਫ਼ੌਜਾਂ ਕਿਲ੍ਹੇ ਤੇ ਛੇਤੀ ਚੜ੍ਹਾਈਏ ਜੀ।
ਮੁੱਠੀ ਭਰ ਸਿੰਘਾਂ ਨੂੰ ਕਤਲ ਕਰਕੇ, ਹਿੰਦੂ ਪੀਰ ਨੂੰ ਬੰਦੀ ਬਣਾਈਏ ਜੀ।
ਖੁਸ਼ ਕਰਕੇ ਹਿੰਦ ਦੇ ਬਾਦਸ਼ਾਹ ਨੂੰ, ਮੂੰਹੋਂ ਮੰਗੇ ਰੁਤਬੇ ਪਾਈਏ ਜੀ।
ਹਰਚੰਦ ਸਿੰਘਾ ਬੜੀ ਹੈ ਮਾਰ ਝੱਲੀ, ਨਿੱਤ ਨਿੱਤ ਦਾ ਜੱਭ ਮੁਕਾਈਏ ਜੀ॥

275 ਸਤਿਗੁਰਾਂ ਨੇ ਵੇਖਿਆ ਕਿਲ੍ਹੇ ਉੱਤੋਂ, ਜਿੱਥੇ ਤੀਕ ਨਿਗਾਹਾਂ ਜਾਂਦੀਆਂ ਨੇ।
ਚਾਰੋਂ ਪਾਸੇ ਦੋ ਦੋ ਮੀਲ ਤਾਈਂ, ਨਜ਼ਰ ਫ਼ੌਜਾਂ ਹੀ ਫ਼ੌਜਾਂ ਆਂਦੀਆਂ ਨੇ।
ਟੋਏ ਪੁੱਟ ਕੇ ਮਿੱਟੀ ਦੇ ਢੇਰ ਲਾਏ, ਭਰ ਬੋਰੀਆਂ ਮੋਰਚੇ ਲਾਂਦੀਆਂ ਨੇ।
ਧੂੰਆਂ ਨਿਕਲੇ ਪੱਕਣ ਪਕਵਾਨ ਲੱਗੇ, ਹਰਚੰਦ ਸਿੰਘਾ ਤੰਬੂ ਸਜਾਂਦੀਆਂ ਨੇ॥

276 ਇੱਧਰ ਸਿੰਘ ਵੀ ਮੋਰਚੇ ਮੱਲ ਬੈਠੇ, ਕਰ ਲਈਆਂ ਸਭ ਤਿਆਰੀਆਂ ਨੇ।
ਲਏ ਭਰ ਤੀਰਾਂ ਦੇ ਨਾਲ ਭੱਥੇ, ਲਾਏ ਸਾਹਣ ਤੇ ਨੇਜੇ ਕਟਾਰੀਆਂ ਨੇ।
ਸਾਰੇ ਕਿਲ੍ਹੇ ਅਤੇ ਸ਼ਹਿਰ ਸਾਰਾ, ਥਾਵਾਂ ਮੱਲੀਆਂ ਸਿੰਘਾਂ ਨੇ ਸਾਰੀਆਂ ਨੇ।
ਹਰਚੰਦ ਸਿੰਘਾ ਜਿੱਥੇ ਵੀ ਹੁਕਮ ਹੋਇਆ, ਸਿੰਘ ਪਹੁੰਚੇ ਮਾਰ ਉਡਾਰੀਆਂ ਨੇ॥

277 ਕਹਿੰਦੇ ਗੁਰੂ ਜੀ ਨੰਗੀ ਤਲਵਾਰ ਲੈ ਕੇ, ਘੜੀ ਪਰਖ ਦੀ ਗਈ ਏ ਆਣ ਸਿੱਖੋ।
ਇਕ ਦਿਨ ਇਹ ਜਿਸਮ ਫਨਾਹ ਹੋਣਾ, ਬੁੱਤ ਛੱਡ ਕੇ ਨਿਕਲੂ ਜਾਨ ਸਿੱਖੋ।
ਦੇਸ਼ ਕੌਮ ਲਈ ਹੋਣ ਸ਼ਹੀਦ ਜਿਹੜੇ, ਮਿਲੇ ਦੋਹੀਂ ਜਹਾਨੀ ਮਾਣ ਸਿੱਖੋ।
ਪੰਨੇ ਇਤਿਹਾਸ ਦੇ ਬਣੋ ਹਰਚੰਦ ਸਿੰਘਾ, ਚੇਤੇ ਕਰੇਗਾ ਥੋਨੂੰ ਜਹਾਨ ਸਿੱਖੋ॥

## ਰਾਜੇਪੁਰ ਦੀ ਰਾਣੀ ਦੀ ਸ਼ਰਧਾ

278 ਰਾਜੇਪੁਰ ਦੀ ਰਾਣੀ ਸੀ ਰਾਜ ਕਰਦੀ, ਉਸਦੇ ਵਜ਼ੀਰ ਨੇ ਇੰਝ ਫੁਰਮਾਇਆ ਏ।
ਲੈ ਕੇ ਫ਼ੌਜਾਂ ਚੱਲੋ ਅਨੰਦਪੁਰ ਨੂੰ, ਸ਼ਾਹੀ ਹੁਕਮ ਦਿੱਲੀ ਤੋਂ ਆਇਆ ਏ।
ਸਿੰਘਾਂ ਸਣੇ ਗੁਰੂ ਤੇ ਬਾਲ ਬੱਚੇ, ਘੇਰਾ ਅਨੰਦਪੁਰ ਨੂੰ ਪਾਇਆ ਏ।
ਕੀਤੀ ਹੁਕਮ ਦੀ ਜਿਸਨੇ ਪਾਲਣਾ ਨਾ, ਰਾਜੇ ਤੇ ਰਾਜ ਦਾ ਹੋਣਾ ਸਫ਼ਾਇਆ ਏ॥

279 ਰਾਣੀ ਕਹੇ ਵਜ਼ੀਰ ਨੂੰ ਗਸ਼ ਖਾ ਕੇ, ਕੰਮ ਮੇਰੇ ਤੋਂ ਹੋਵਣਾ ਆਹ ਨਾਹੀ।
ਰਿਆਸਤ ਜਾਏ ਸਣੇ ਮਹਿਲਾਂ ਦੇ, ਮੈਂ ਉਜੜਾਂ ਮੈਨੂੰ ਪ੍ਰਵਾਹ ਨਾਹੀ।
ਮੇਰੇ ਗੁਰੂ ਤੇ ਜ਼ਾਲਮ ਜੇ ਜ਼ੁਲਮ ਕੀਤਾ, ਉਸ ਮਿਲਣੀ ਕਿਤੇ ਵੀ ਥਾਂ ਨਾਹੀ।
ਹਰਚੰਦ ਸਿੰਘਾ ਗੁਰੂ ਨੂੰ ਪਿੱਠ ਦੇਵਾਂ, ਮੈਨੂੰ ਐਸੇ ਜੀਵਨ ਦਾ ਚਾਅ ਨਾਹੀ॥

280 ਫ਼ੌਜਾਂ ਉਥੇ ਸਾਰੀਆਂ ਆਣ ਜੁੜੀਆਂ, ਬੁੱਤ ਪੂਜ ਤੇ ਬੁੱਤ ਤੋੜ ਆਏ।
ਨਾ ਧਰਮ ਨਾ ਰੀਤੀ ਰਿਵਾਜ ਸਾਂਝੇ, ਮੁੱਖ ਰੱਖ ਕੇ ਆਪਣੀ ਲੋੜ ਆਏ।
ਉਪਕਾਰ ਕੀਤੇ ਗੁਰਾਂ ਨੇ ਹਿੰਦੂਆਂ ਤੇ, ਉਹ ਉਨ੍ਹਾਂ ਤੋਂ ਮੁਖੜੇ ਮੋੜ ਆਏ।
ਹਰਚੰਦ ਸਿੰਘਾ ਗੁਰਾਂ ਤੇ ਕਰਨ ਹਮਲਾ, ਆਖਰਕਾਰ ਉਹ ਫ਼ੌਜਾਂ ਜੋੜ ਆਏ॥

281 ਨੇੜੇ ਆਈਆਂ ਕਿਲ੍ਹੇ ਦੇ ਜਦ ਫ਼ੌਜਾਂ, ਤੀਰ ਧਨੁਸ਼ ਤੇ ਸਿੰਘ ਚੜਾਂਵਦੇ ਨੇ।
ਅਜੀਤ ਸਿੰਘ ਤੇ ਉਦੈ ਸਿੰਘ ਦੋਵੇਂ, ਪਾਸ ਗੁਰਾਂ ਦੇ ਅਰਜ਼ ਗੁਜਾਂਵਦੇ ਨੇ।
ਲੈ ਕੇ ਆਗਿਆ ਕਿਲ੍ਹੇ ਤੋਂ ਬਾਹਰ ਆਏ, ਦਲ ਵੈਰੀ ਨੂੰ ਜਾ ਟਕਰਾਂਵਦੇ ਨੇ।
ਉਹੋ ਬਾਹਰ ਸੀ ਵਿੰਨ੍ਹਦੇ ਵੈਰੀਆਂ ਨੂੰ, ਬਾਕੀ ਕਿਲ੍ਹੇ ਤੋਂ ਗੋਲੀ ਚਲਾਂਵਦੇ ਨੇ॥

(ਬਾਕੀ ਅਗਲੇ ਅੰਕ ਵਿਚ)

49 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

**ਵਰਿੰਦਰ ਕੌਰ**

ਆਪ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਏ ਨਗਰ 'ਗੁਰੂ ਕਾ ਚੱਕ' ਨੂੰ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰ' ਦਾ ਨਾਂ ਦੇ ਕੇ ਇਸ ਦਾ ਵਿਕਾਸ ਕੀਤਾ।



ਹੱਕ, ਸੱਚ, ਧਰਮ ਤੇ ਮਨੁੱਖੀ ਆਜ਼ਾਦੀ ਦੀ ਰੱਖਿਆ ਦੇ ਉੱਚੇ ਆਦਰਸ਼ ਲਈ ਸ਼ਹਾਦਤ ਦੇਣ ਵਾਲੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪ੍ਰਥਮ ਸ਼ਹੀਦ ਗੁਰੂ ਹਨ। ਉਨ੍ਹਾਂ ਵੱਲੋਂ ਦਿੱਤੀ ਗਈ ਸ਼ਹਾਦਤ ਸਿੱਖ ਕੌਮ ਲਈ ਉਹ ਸ਼ਕਤੀ ਬਣ ਕੇ ਉੱਭਰੀ ਜਿਸ ਤੋਂ ਅਗਵਾਈ ਲੈ ਕੇ ਸਿੱਖ ਪੰਥ ਨੇ ਸ਼ਹਾਦਤਾਂ ਦੀ ਇਕ ਅਜਿਹੀ ਲੜੀ ਸਿਰਜੀ, ਜਿਸ ਦਾ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਹੋਰ ਕੋਈ ਮੁਕਾਬਲਾ ਨਹੀਂ। ਜੇਕਰ ਸਿੱਖ ਧਰਮ ਅੰਦਰ 'ਸ਼ਹਾਦਤ' ਦੇ ਪ੍ਰਸੰਗ ਨੂੰ ਸਮਝਣਾ ਹੋਵੇ ਤਾਂ ਸਾਨੂੰ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥' ਵਾਲੇ ਬਚਨਾਂ ਨੂੰ ਸਮਝਣਾ ਪਵੇਗਾ। ਇਹ ਧਰਮ ਦੀ ਖਾਤਰ ਸ਼ਹਾਦਤ ਦੀ ਪ੍ਰੇਰਣਾ ਦਾ ਮੂਲ ਹੈ। ਇਸ ਮਗਰੋਂ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਕੇ ਇਸ ਦੇ ਅਮਲ ਨੂੰ ਰੂਪਮਾਨ ਕੀਤਾ। ਇੰਜ ਅਸੀਂ ਦੇਖਦੇ ਹਾਂ ਕਿ ਸ਼ਹਾਦਤ ਦੀ ਗੁੜ੍ਹਤੀ ਸਾਨੂੰ ਗੁਰੂ ਸਾਹਿਬਾਨ ਨੇ ਦਿੱਤੀ ਹੈ। ਇਸੇ ਲਈ ਸਿੱਖ ਧਰਮ ਅੰਦਰ ਸ਼ਹਾਦਤ ਸ਼ਬਦ ਬਹੁਤ ਹੀ ਸਤਿਕਾਰ ਭਰੇ ਸ਼ਬਦਾਂ ਵਿਚ ਸਾਹਮਣੇ ਹੈ। ਸਿੱਖੀ ਅੰਦਰ ਇਸ ਸ਼ਬਦ ਦੀ ਵਰਤੋਂ ਸੱਚ ਦੀ ਅਵਾਜ਼ ਬੁਲੰਦ ਰੱਖਣ ਲਈ ਦਿੱਤੀ ਗਈ ਕੁਰਬਾਨੀ ਦੀ ਗਵਾਹੀ ਵਜੋਂ ਹੈ ਅਤੇ ਇਹ ਗਵਾਹੀ ਕੋਈ ਆਮ ਨਹੀਂ ਸਗੋਂ ਸਮਾਜਕ ਸਰੋਕਾਰਾਂ ਦੇ ਨਾਲ-ਨਾਲ ਰੂਹਾਨੀਅਤ ਨਾਲ ਵੀ ਲਬਰੇਜ਼ ਹੈ।

ਪੰਜਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਦੇ ਮੂਲ ਨੂੰ ਸਮਝਦਿਆਂ ਇਕ ਗੱਲ ਸਾਫ਼ ਹੁੰਦੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚੱਲਿਆ ਆ ਰਿਹਾ ਹਕੂਮਤ ਦਾ ਵਿਰੋਧ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖ਼ਰ 'ਤੇ ਪੁੱਜ ਗਿਆ ਸੀ। ਗੁਰੂ ਜੀ ਨੂੰ ਪ੍ਰਿਥੀ ਚੰਦ, ਸੁਲਹੀ ਖ਼ਾਨ ਅਤੇ ਚੰਦੂ ਆਦਿ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਗੁਰੂ ਸਾਹਿਬ ਨੇ ਜਦੋਂ ਸਿੱਖ ਕੌਮ ਨੂੰ ਜਥੇਬੰਦ ਕਰਨ ਦੀਆਂ ਤਿਆਰੀਆਂ ਆਰੰਭੀਆਂ ਤਾਂ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਇਸ ਨੂੰ ਬਰਦਾਸ਼ਤ ਨਾ ਕਰ ਸਕੀ। ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੂਰਾ ਜੀਵਨ ਇਕ ਸੰਘਰਸ਼ਮਈ ਜੀਵਨ ਰਿਹਾ। ਪਰ ਸ਼ਾਂਤੀ ਦੇ ਸਾਗਰ, ਨਿਮਰਤਾ ਦੇ ਪੁੰਜ, ਪਰਉਪਕਾਰੀ ਪਾਤਸ਼ਾਹ ਜੀ ਨੇ ਅਜਿਹੇ ਕਠਿਨਾਈਆਂ ਭਰੇ ਸਮੇਂ ਵਿਚ ਵੀ ਸਿੱਖ ਧਰਮ ਦੇ ਵਿਕਾਸ ਲਈ ਕਾਰਜ ਜਾਰੀ ਰੱਖੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਜਿਥੇ ਉੱਚ ਆਤਮਿਕ ਜੀਵਨ ਜਿਉਣ ਦੀ ਪ੍ਰੇਰਨਾ ਕੀਤੀ, ਉਥੇ ਹੀ ਸਿੱਖੀ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਾਰਜ ਕੀਤੇ। ਆਪ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਏ ਨਗਰ 'ਗੁਰੂ ਕਾ ਚੱਕ' ਨੂੰ 'ਚੱਕ ਰਾਮਦਾਸ' ਜਾਂ 'ਰਾਮਦਾਸਪੁਰ' ਦਾ ਨਾਂ ਦੇ ਕੇ ਇਸ ਦਾ ਵਿਕਾਸ ਕੀਤਾ। ਇਸ ਦੇ ਨਾਲ ਹੀ ਪੰਜਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਤਿਆਰ ਕਰਵਾਏ ਜਾ ਰਹੇ ਅੰਮ੍ਰਿਤ ਸਰੋਵਰ ਦੀ ਸੰਪੂਰਨਤਾ ਕਰਵਾਈ ਤੇ ਇਸ ਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਆਪ ਵਲੋਂ ਕੀਤੇ ਗਏ ਅਹਿਮ ਕਾਰਜਾਂ ਵਿੱਚੋਂ ਇਕ ਮਹਾਨ ਕੰਮ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਵੀ ਹੈ। ਇਸੇ ਤਰ੍ਹਾਂ ਆਪ ਨੇ ਵੱਖ-ਵੱਖ ਸ਼ਹਿਰਾਂ ਦੀ ਸਥਾਪਨਾ ਕੀਤੀ, ਸਰੋਵਰ ਬਣਵਾਏ ਤੇ ਸਿੱਖਾਂ ਨੂੰ ਵਾਪਾਰ ਲਈ ਪ੍ਰੇਰਿਆ। ਆਪ ਜੀ ਵਲੋਂ ਤੀਹ ਰਾਗਾਂ ਵਿਚ ਰਚੀ ਗਈ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੁਸ਼ੋਭਿਤ ਹੈ। ਇਨ੍ਹਾਂ ਸਭ ਕਾਰਜਾਂ ਸਮੇਤ ਧਰਮ ਪ੍ਰਚਾਰ ਤੇ ਸਮਾਜ ਸੁਧਾਰ ਲਈ ਆਪ ਨੇ ਅਨੇਕਾਂ ਹੋਰ ਕਾਰਜ ਵੀ ਕੀਤੇ।

ਪਰਉਪਕਾਰੀ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਡਿਆਈ ਵਿਰੋਧੀਆਂ ਤੋਂ ਸਹਾਰੀ ਨਾ ਗਈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮਨੁੱਖਤਾ ਦੇ ਹਮਦਰਦ, ਸ਼ਾਂਤੀ ਸਰੂਪ, ਨਿਮਰਤਾ ਦੇ ਪੁੰਜ, ਆਦਰਸ਼ਕ ਸ਼ਖ਼ਸੀਅਤ ਨੂੰ ਅਨੇਕਾਂ ਸਰੀਰਕ ਤਸੀਹੇ ਦਿੱਤੇ ਗਏ। ਜ਼ਾਲਿਮਾਂ ਵਲੋਂ ਸਖ਼ਤ ਗਰਮੀ ਦੇ ਮੌਸਮ 'ਚ ਆਪ ਨੂੰ ਉਬਲਦੀ ਦੇਗ 'ਚ ਬਿਠਾਇਆ ਗਿਆ, ਤੱਤੀ ਤਵੀ ਤੇ ਚੌਂਕੜਾ ਲਵਾਇਆ ਗਿਆ ਤੇ ਪਾਵਨ ਸੀਸ ਤੇ ਸੜਦੀ-ਬਲ਼ਦੀ ਰੇਤਾ ਪਾਈ ਗਈ। ਸਭ ਕਸ਼ਟਾਂ ਨੂੰ ਬੜੇ ਸਹਿਜ ਵਿਚ ਸਹਾਰਦਿਆਂ ਇਸ ਨੂੰ ਕਰਤਾਰ ਦਾ ਭਾਣਾ ਸਮਝ ਕੇ ਆਪ ਅਡੋਲ ਰਹੇ। ਇਸ ਤਰ੍ਹਾਂ 30 ਮਈ 1606 ਈਸਵੀ ਨੂੰ ਆਪ ਨੂੰ ਸ਼ਹੀਦ ਕਰ ਦਿੱਤਾ ਗਿਆ।

ਉਂਜ ਤਾਂ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਅਨੇਕਾਂ ਕਾਰਨ ਮੰਨੇ ਜਾਂਦੇ ਹਨ ਪਰ ਅਸਲ ਕਾਰਨ ਬਾਦਸ਼ਾਹ ਜਹਾਂਗੀਰ ਦੀ ਧਾਰਮਿਕ ਕੱਟੜਤਾ ਤੇ ਤੰਗਦਿਲੀ ਸੀ। ਬਾਕੀ ਸਾਰੇ ਕਾਰਨ ਸਹਾਇਕ ਸਿੱਧ ਹੋਏ। ਅਸਲ ਵਿਚ ਜਹਾਂਗੀਰ ਮੌਕੇ ਦੀ ਭਾਲ 'ਚ ਸੀ ਕਿ ਕਦੋਂ ਕੋਈ ਬਹਾਨਾ ਮਿਲੇ ਤੇ ਉਹ ਸਿੱਖ ਲਹਿਰ ਨੂੰ ਖ਼ਤਮ ਕਰੇ ਤੇ ਉਨ੍ਹਾਂ ਦੇ ਮੁਖੀ ਸ੍ਰੀ ਗੁਰੂ ਅਰਜਨ ਸਾਹਿਬ ਨੂੰ ਜਾਂ ਤਾਂ ਮੁਸਲਮਾਨ ਬਣਾ ਦੇਵੇ ਜਾਂ ਸ਼ਹੀਦ ਕਰ ਦੇਵੇ। ਇਸ ਗੱਲ ਦਾ ਜ਼ਿਕਰ ਉਹ ਆਪਣੀ ਸਵੈ-ਜੀਵਨੀ ਤੁਜ਼ਕੇ ਜਹਾਂਗੀਰੀ ਵਿਚ ਵੀ ਕਰਦਾ ਹੈ। ਉਸ ਨੂੰ ਬਹਾਨੇ ਦੀ ਤਲਾਸ਼ ਸੀ ਤੇ ਉਹ ਉਸ ਨੂੰ ਖੁਸਰੋ ਦੀ ਬਗ਼ਾਵਤ ਵਿੱਚੋਂ ਮਿਲਿਆ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਏ-ਸਿਆਸਤ ਅਧੀਨ ਸਜ਼ਾ ਦਿੱਤੀ, ਜਿਸ ਤੋਂ ਭਾਵ ਹੈ ਕਿ ਤਸੀਹੇ ਦੇ ਕੇ ਮਾਰਨਾ ਹੈ।

ਦੂਸਰੇ ਪਾਸੇ ਗੁਰੂ ਸਾਹਿਬ ਦੀ ਸ਼ਹੀਦੀ ਨੇ ਸਿੱਖ ਲਹਿਰ ਨੂੰ ਨਵੀਂ ਸੇਧ ਦਿੱਤੀ ਅਤੇ ਪੰਜਾਬ ਦੇ ਇਤਿਹਾਸ ਉੱਤੇ ਇਸ ਦਾ ਦੂਰਗਾਮੀ ਅਸਰ ਹੋਇਆ। ਇਸ ਨਾਲ ਸਿੱਖਾਂ ਦੇ ਮਨਾਂ ਉਤੇ ਇਹ ਗੱਲ ਘਰ ਕਰ ਗਈ ਕਿ ਧਰਮ ਦੀ ਰੱਖਿਆ ਲਈ ਜ਼ੁਲਮ ਦੇ ਅੱਗੇ ਗੋਡੇ ਟੇਕਣ ਦੀ ਬਜਾਏ ਹਥਿਆਰਬੰਦ ਹੋਣਾ ਤੇ ਵੈਰੀ ਨਾਲ ਦੋ ਹੱਥ ਕਰਨਾ ਲਾਜ਼ਮੀ ਹੈ। ਪੰਚਮ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ ਤੇ ਅਕਾਲ ਪੁਰਖ ਦਾ ਤਖ਼ਤ ਸਦਾ ਰਹਿਣ ਵਾਲੇ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਥਾਪਨਾ ਕੀਤੀ।

ਇਤਿਹਾਸਕਾਰਾਂ ਦੀ ਨਜ਼ਰ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਧਰਮ ਦੇ ਇਤਿਹਾਸ ਵਿਚ ਇਕ ਮਹਾਨ ਤੇ ਜੁਗ ਪਲਟਾਊ ਘਟਨਾ ਅਤੇ ਇਨਕਲਾਬੀ ਮੋੜ ਦੀ ਸੂਚਕ ਹੈ। ਇਸ ਸ਼ਹਾਦਤ ਨੇ ਸਿੱਖਾਂ ਨੂੰ ਜ਼ੁਲਮ ਨਾਲ ਟੱਕਰ ਲੈਣ, ਅਕਾਲ ਪੁਰਖ ਦਾ ਭਾਣਾ ਮੰਨਣ, ਸਬਰ, ਸੰਤੋਖ ਤੇ ਦ੍ਰਿੜ੍ਹਤਾ ਨਾਲ ਆਪਣੇ ਹੱਕਾਂ ਦੀ ਰੱਖਿਆ ਕਰ ਸਕਣ ਦਾ ਚੱਜ ਸਿਖਾ ਕੇ ਸਿੱਖੀ ਦੇ ਮਹੱਲ ਦੀਆਂ ਨੀਹਾਂ ਨੂੰ ਅਜਿਹਾ ਮਜ਼ਬੂਤ ਕੀਤਾ ਕਿ ਆਉਣ ਵਾਲੇ ਸਮੇਂ ਦੇ ਜ਼ੁਲਮ ਤੇ ਝੱਖੜ ਇਸ ਦਾ ਕੁਝ ਨਾ ਵਿਗਾੜ ਸਕੇ। ਇਸ ਸ਼ਹਾਦਤ ਨੇ ਸਿੱਖ ਮਰਜੀਵੜਿਆਂ ਨੂੰ ਮਰਨ ਦੀ ਇਹੋ ਜਿਹੀ ਜਾਚ ਸਿਖਾਈ ਕਿ ਉਹ 'ਬਹੁਰਿ ਨ ਮਰਨਾ ਹੋਇ' ਦੇ ਲਕਸ਼ ਨੂੰ ਪ੍ਰਾਪਤ ਹੋ ਗਏ। ਇਸ ਸ਼ਹੀਦੀ ਨਾਲ ਸਿੱਖ ਇਤਿਹਾਸ ਵਿਚ ਸ਼ਹੀਦੀਆਂ ਦਾ ਨਵਾਂ ਅਧਿਆਇ ਆਰੰਭ ਹੋਇਆ। ਇਸ ਤਰ੍ਹਾਂ ਗੁਰੂ ਸਾਹਿਬ ਦੀ ਸ਼ਹਾਦਤ ਸਾਡੇ ਲਈ ਰਾਹ ਦਸੇਰਾ ਹੈ, ਜਿਸ 'ਤੇ ਚੱਲ ਕੇ ਅਸੀਂ ਆਪਣੇ ਧਰਮ ਦੇ ਸੁਨਹਿਰੀ ਅਸੂਲਾਂ ਦੀ ਖ਼ਾਤਰ ਜਬਰ ਜ਼ੁਲਮ ਦੇ ਟਾਕਰੇ ਲਈ ਸਦਾ ਤਿਆਰ ਰਹਿਣਾ ਹੈ। ਸੱਚ ਦੀ ਖ਼ਾਤਰ ਸੰਘਰਸ਼ਸ਼ੀਲ ਰਹਿਣਾ ਹੈ ਅਤੇ ਝੂਠ, ਅਨਿਆਂ ਆਦਿ ਦੀ ਜੜ੍ਹ ਪੁੱਟਣ ਲਈ ਕਦੇ ਵੀ ਪਿੱਛੇ ਨਹੀਂ ਹਟਣਾ। ਆ ?, ਗੁਰੂ ਸਾਹਿਬ ਵੱਲੋਂ ਦਿੱਤੀ ਗਈ ਪਾਵਨ ਸ਼ਹਾਦਤ ਦੇ ਅਸਲ ਮਨੋਰਥ ਅਨੁਸਾਰ ਆਪਣੀਆਂ ਜੀਵਨ ਸੇਧਾਂ ਨਿਰਧਾਰਤ ਕਰੀਏ। ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਸਮੂਹ ਸੰਗਤ ਨੂੰ ਮੇਰੀ ਇਹੋ ਅਪੀਲ ਹੈ।


AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

ROHITA PANNU
LAW CORPORATION




BARRISTER & SOLICITOR
SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399

2 Locations to Serve You

Fax : 604.589.1556
www.rohitapannulaw.com

# 102-9278, 120th St., Surrey, BC V3V 4W8
6303 Fraser St.,Vancouver BC



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ-604-761-7580 ਜਾਂ 604-599-8237

ਸਰੀ (ਕੈਨੇਡਾ) ਵਿਚ ਵਰਕ ਪਰਮਿਟ ਤੇ ਰਹਿ ਰਹੇ ਜੱਟ ਸਿੱਖ ਢਿੱਲੋਂ, ਜਨਮ 1988, ਕੱਦ 5'11", ਵੈਸ਼ਨੂੰ ਲੜਕੇ ਲਈ ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਹੋਵੇ। ਪੀ.ਆਰ., ਵਰਕ ਪਰਮਿਟ, ਸਟੂਡੈਂਟ, ਤਲਾਕਸ਼ੁਦਾ ਅਤੇ ਵਿਜ਼ਟਰ ਵੀਜ਼ਾ ਵਾਲੇ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਹੈ। ਸੰਪਰਕ: 604-723-5130 or 778-317-5130

june 26

## EMPLOYMENTS

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

### ਵਰਕਰਾਂ ਦੀ ਲੋੜ

ਫੋਰਮ ਰੈਂਟਲ (Form Rental) ਕੰਪਨੀ ਵਾਲਿਆਂ ਨੂੰ ਵਰਕਰਾਂ ਦੀ ਜ਼ਰੂਰਤ ਹੈ। ਕੰਮ ਫੁਲ ਟਾਇਮ ਹੈ। ਬਜ਼ੁਰਗ ਵੀ ਅਪਲਾਈ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਹੋਰ ਜਾਣਕਾਰੀ ਲਈ ਕਾਲ ਕਰੋ: 604-761-9315

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec 31

### ਵਰਕਰਾਂ ਦੀ ਲੋੜ

Upholstered ਫਰਨੀਚਰ ਨਿਰਮਾਣ ਵਾਲਿਆਂ ਨੂੰ ਤਜਰਬੇਕਾਰ ਸੀਮਸਟ੍ਰੈਸ (seamstress) ਦੀ ਜ਼ਰੂਰਤ ਹੈ। ਕੱਟਣ ਦੇ ਪੈਟਰਨ, ਸਿਲਾਈ ਸੀਟ ਅਤੇ ਬੈਕ ਕੁਸ਼ਨ, ਉਦਯੋਗਿਕ ਸਿਲਾਈ ਮਸ਼ੀਨਾਂ ਨਾਲ ਕੰਮ ਕਰਨ ਦਾ ਤਜਰਬਾ ਹੋਣਾ ਚਾਹਿਦਾ ਹੈ। ਵੇਰਵੇ ਅਨੁਸਾਰ ਹੋਣ ਦੇ ਦੌਰਾਨ ਇੱਕ ਸਮਰੱਥਾ ਦੀ ਰਫਤਾਰ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਫਰਨੀਚਰ ਸੀਮਸਟ੍ਰੈਸ (seamstress) ਦਾ ਪੰਜ ਜਾਂ ਇਸ ਤੋਂ ਵੱਧ ਸਾਲਾਂ ਦਾ ਤਜਰਬਾ ਹੈ ਤਾਂ ਤਨਖਾਹ $20 ਡਾਲਰ ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਘੱਟ ਤਜਰਬੇਕਾਰ ਸੀਮਸਟ੍ਰੈਸ ਤਨਖਾਹ $16 ਡਾਲਰ ਪ੍ਰਤੀ ਘੰਟੇ ਤੋਂ ਸ਼ੁਰੂ ਹੁੰਦੀ ਹੈ ਅਤੇ ਅਸੀਂ ਸਿਖਲਾਈ ਦੇਵਾਂਗੇ। ਮਿਹਨਤਾਨਾ ਤਜਰਬੇ ਅਤੇ ਮਹਾਰਤ 'ਤੇ ਅਧਾਰਤ ਹੈ। ਕੰਮ ਫੁਲ ਟਾਇਮ ਹੈ। ਕੰਮ ਤੇ ਕੋਵੀਡ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 604-524-8901**

# ਸ਼ਹੀਦਾਂ ਦੇ ਸਰਤਾਜ ਤੇ ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ



ਸਿੱਖ ਧਰਮ ਦੇ ਇਤਿਹਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਸ਼ਹਾਦਤ ਸਿਰਫ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਹੀ ਸੀਮਿਤ ਨਹੀਂ ਸੀ ਸਗੋਂ ਸਮੁੱਚੇ ਸਿੱਖ ਧਰਮ ਦੇ ਵਿਰੁੱਧ ਸੋਚਿਆ-ਸਮਝਿਆ ਹਮਲਾ ਸੀ। ਇਸ ਸ਼ਹਾਦਤ ਦੇ ਕਾਰਨਾਂ ਨੂੰ ਸਮਝਣ ਲਈ ਸਿੱਖ ਧਰਮ ਦੇ ਸਿਧਾਂਤਾਂ ਦੀ ਵਿਲੱਖਣਤਾ ਅਤੇ ਉਸ ਸਮੇਂ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਪ੍ਰਸਥਿਤੀਆਂ 'ਤੇ ਝਾਤੀ ਮਾਰਨੀ ਜ਼ਰੂਰੀ ਹੋਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਧਰਮ ਦਾ ਜੋ ਨਵਾਂ ਮਾਰਗ ਸੰਸਾਰ ਨੂੰ ਵਿਖਾਇਆ ਇਹ ਮਾਰਗ ਆਰਥਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪੱਖ ਤੋਂ ਬਹੁਤ ਕ੍ਰਾਂਤੀਕਾਰੀ ਸੀ। ਗੁਰੂ ਜੀ ਦੇ ਸਮੇਂ ਇਨ੍ਹਾਂ ਸਾਰੇ ਖੇਤਰਾਂ ਵਿਚ ਬਹੁਤ ਗਿਰਾਵਟ ਆ ਚੁੱਕੀ ਸੀ। ਸਮਾਜ ਵਿਚ ਅਨਪੜ੍ਹਤਾ ਅਤੇ ਅਗਿਆਨਤਾ ਸਿਖਰ 'ਤੇ ਸੀ। ਲੋਕਾਈ ਨੂੰ ਕੋਈ ਸੱਚ ਦਾ ਮਾਰਗ ਦਿਖਾਉਣ ਵਾਲਾ ਨਹੀਂ ਸੀ। ਧਰਮ ਦੇ ਖੇਤਰ ਵਿਚ ਚਾਰੇ ਪਾਸੇ ਝੂਠ ਪਸਰਿਆ ਹੋਇਆ ਸੀ। ਧਾਰਮਿਕ ਵਿਅਕਤੀ ਕਪਟੀ ਤੇ ਪਾਖੰਡੀ ਸਨ। ਉਹ ਲੋਕਾਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦੀ ਲੁੱਟ-ਖਸੁੱਟ ਕਰਨ ਵਿਚ ਲੱਗੇ ਹੋਏ ਸਨ। ਸਾਧਾਰਨ ਤੌਰ 'ਤੇ ਵੀ ਸ਼ਾਸਕ ਵਰਗ ਦਾ ਪਰਜਾ ਪ੍ਰਤੀ ਵਰਤਾਉ ਨਿਖੇਧਾਤਮਕ ਸੀ। ਰਾਜੇ ਤੋਂ ਲੈ ਕੇ ਉੱਪਰ ਤੋਂ ਥੱਲੇ ਤਕ ਸਭ ਅਹਿਲਕਾਰ ਅਤੇ ਅਧਿਕਾਰੀ ਪਰਜਾ ਦਾ ਖ਼ੂਨ ਪੀਣ 'ਤੇ ਲੱਗੇ ਹੋਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਲੋਕਾਂ ਦੇ ਕਿਰਦਾਰ ਦੀ ਨੀਚਤਾ ਨੂੰ ਬਿਆਨ ਕਰਨ ਵਿਚ ਨਾ ਤਾਂ ਕੋਈ ਕਸਰ ਛੱਡੀ ਹੈ ਤੇ ਨਾ ਕੋਈ ਲੁਕਾਅ ਰੱਖਿਆ ਹੈ। ਇਨ੍ਹਾਂ ਨੂੰ ਘਟੀਆ ਤੋਂ ਘਟੀਆ ਲੋਕ ਕਹਿ ਕੇ ਨਕਾਰਿਆ ਹੈ:

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ ਘਾਉ ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ ॥** (ਪੰਨਾ ੧੨੮੮)

ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਵਿਚ ਨਿਰਭੈ ਹੋ ਕੇ 'ਸਚ ਕੀ ਬਾਣੀ' ਸੁਣਾਈ ਸੀ ਅਤੇ ਆਖਿਆ ਸੀ; ਸਚੁ ਸੁਣਾਇਸੀ ਸਚ ਕੀ ਬੇਲਾ ॥ (ਪੰਨਾ ੭੨੩) ਉਸ ਵੇਲੇ ਕੂੜ ਪ੍ਰਧਾਨ ਸੀ। ਗੁਰੂ ਜੀ ਨੂੰ ਇਹ ਪਤਾ ਸੀ ਕਿ ਕੂੜ ਦੀਆਂ ਸ਼ਕਤੀਆਂ 'ਸਚ ਕੀ ਬਾਣੀ' ਨੂੰ ਬਰਦਾਸ਼ਤ ਨਹੀਂ ਕਰ ਸਕਣਗੀਆਂ। ਇਸ ਸੱਚ ਧਰਮ ਨੂੰ ਸਥਾਪਤ ਕਰਨ ਲਈ ਸੰਘਰਸ਼ ਕਰਨਾ ਹੋਵੇਗਾ। ਕੂੜ ਸੱਚ ਨੂੰ ਮਿਟਾਉਣ ਲਈ ਹਰ ਸੰਭਵ ਯਤਨ ਕਰੇਗਾ। ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਨੂੰ ਵੇਖ ਕੇ ਲੋਕੀਂ ਧੜਾ-ਧੜ ਸਿੱਖ ਧਰਮ ਨੂੰ ਅਪਣਾਉਣ ਲੱਗੇ। ਗੁਰੂ ਸਾਹਿਬਾਨ ਦੀ ਬਾਣੀ ਘਰ-ਘਰ ਪੜ੍ਹੀ ਜਾਣ ਲੱਗੀ। ਲੋਕਾਂ ਦੇ ਮਨਾਂ ਉੱਤੋਂ ਭਰਮ ਉਤਰਨ ਲੱਗਾ। ਗੁਰਬਾਣੀ ਦੇ ਸੁਣਨ ਨਾਲ ਉਨ੍ਹਾਂ ਦੇ ਮਨਾਂ ਵਿਚ ਪ੍ਰਕਾਸ਼ ਹੋਣ ਲੱਗਾ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਤਕ ਸਿੱਖ ਧਰਮ ਦਾ ਕਾਫੀ ਪ੍ਰਚਾਰ ਹੋ ਗਿਆ ਸੀ। ਹਿੰਦੂ ਮੁਸਲਮਾਨਾਂ ਨੂੰ ਇਸ ਧਰਮ ਦੇ ਨਿਯਮਾਂ ਦੀ ਜਾਣਕਾਰੀ ਹੋ ਚੁੱਕੀ ਸੀ। ਕੁਝ ਲੋਕ ਇਸ ਲਹਿਰ ਤੋਂ ਅੰਦਰੋਂ-ਅੰਦਰ ਕੁਝ ਔਖੇ ਸਨ। ਪਰ ਸਿੱਖ ਧਰਮ ਨੂੰ ਅਜੇ ਸੰਤਾਂ-ਮਹਾਤਮਾਵਾਂ ਦਾ ਇਕ ਫਿਰਕਾ ਹੀ ਸਮਝਿਆ ਜਾਂਦਾ ਸੀ। ਇਸ ਲਈ ਰਾਜ-ਸ਼ਕਤੀ ਵੱਲੋਂ ਇਸ ਦਾ ਬਹੁਤਾ ਵਿਰੋਧ ਨਹੀਂ ਸੀ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਧਰਮ ਆਪਣੇ ਵੱਖਰੇ ਤੇ ਪੂਰੇ ਜਲੌ ਵਿਚ ਉਭਰ ਕੇ ਸਾਹਮਣੇ ਆਇਆ। ੧੫੮੮ ਈ: ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਦੀ ਨੀਂਹ ਰੱਖੀ ਗਈ। ਇਸ ਦੇ ਮੁਕੰਮਲ ਹੋਣ ਨਾਲ ਸਿੱਖ ਧਰਮ ਦਾ ਇਕ ਕੇਂਦਰੀ ਅਸਥਾਨ ਬਣ ਚੁੱਕਾ ਸੀ। ਇਥੇ ਸਭ ਨੂੰ ਆਉਣ-ਜਾਣ ਦੀ ਖੁੱਲ੍ਹ ਸੀ। ਇਥੇ ਵੱਡੀ ਗਿਣਤੀ ਵਿਚ ਹਿੰਦੂ ਮੁਸਲਮਾਨ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ। ਗੁਰੂ ਜੀ ਨੇ ੧੬੦੪ ਈ: ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰ ਦਿੱਤਾ। ਇਸ ਦਾ ਪ੍ਰਕਾਸ਼ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਵਿਚ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਹਿੰਦੁਸਤਾਨ ਦੇ ਹੋਰ ਸੱਚ ਧਰਮ ਨਾਲ ਜੁੜੇ ਸੰਤਾਂਮਹਾਤਮਾਵਾਂ ਤੇ ਫਕੀਰਾਂ ਦੀ ਬਾਣੀ ਸ਼ਾਮਲ ਕੀਤੀ ਗਈ ਸੀ। ਹੁਣ ਤਕ ਦੇ ਗ੍ਰੰਥਾਂ ਦੀ ਤੁਲਨਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੀ ਕਿਸਮ ਦਾ ਇਕ ਵਿਲੱਖਣ ਤੇ ਵੱਡਾ ਕਾਰਜ ਸੀ। ਗੁਰੂ ਜੀ ਦੇ ਇਨ੍ਹਾਂ ਦੋਵਾਂ ਮਹਾਨ ਕਾਰਜਾਂ ਨਾਲ ਸਿੱਖ ਧਰਮ ਹੁਣ ਅਹਿਲ-ਏ-ਮੁਕਾਮ 'ਤੇ ਸੀ। ਇਹ ਇਕ ਨਵੇਂ-ਨਵੇਲੇ ਧਰਮ ਦੇ ਰੂਪ ਵਿਚ ਪ੍ਰਗਟ ਹੋ ਗਿਆ ਸੀ।

ਗੁਰਬਾਣੀ ਦਾ ਸਿਧਾਂਤ ਹੁਣ ਲਿਖਤੀ ਰੂਪ ਵਿਚ ਲੋਕਾਂ ਦੇ ਸਾਹਮਣੇ ਪ੍ਰਤੱਖ ਸੀ। ਸਿੱਖ ਧਰਮ ਦੇ ਪ੍ਰਚਾਰ ਨਾਲ ਬ੍ਰਾਹਮਣਾਂ, ਕਾਜ਼ੀਆਂ ਤੇ ਰਾਜਨੀਤਿਕ ਹਸਤੀਆਂ ਦਾ ਸਾਰਾ ਪਾਜ ਹੀ ਉਘੜ ਗਿਆ ਸੀ। ਲੋਕਾਂ ਦੇ ਮਨਾਂ ਵਿੱਚੋਂ ਉਨ੍ਹਾਂ ਦਾ ਸਤਿਕਾਰ ਅਤੇ ਉੱਚਤਾ ਦੀ ਭਾਵਨਾ ਘਟ ਰਹੀ ਸੀ। ਇਸ ਕਰਕੇ ਇਹ ਸਾਰੇ ਵਰਗ ਸਿੱਖ ਧਰਮ ਦੇ ਵਿਕਾਸ ਤੋਂ ਤਿਲਮਿਲਾ ਉਠੇ ਸਨ। ਇਨ੍ਹਾਂ ਦੀ ਵੈਰ ਭਾਵਨਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਨਾਂ ਕਿਸੇ ਦੋਸ਼ ਦੇ ਸ਼ਹੀਦੀ ਦੇਣੀ ਪਈ। ੧੬੦੬ ਈ: ਵਿਚ ਜਹਾਂਗੀਰ ਨੇ ਉਨ੍ਹਾਂ ਨੂੰ ਲਾਹੌਰ ਬੁਲਾਇਆ।

ਉਨ੍ਹਾਂ ਨੂੰ ੨ ਲੱਖ ਰੁਪਇਆ ਜ਼ੁਰਮਾਨਾ ਭਰਨ ਲਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਤ ਸ਼ਾਮਲ ਕਰਨ ਲਈ ਆਖਿਆ ਗਿਆ। ਪਰ ਉਨ੍ਹਾਂ ਨੇ ਇਸ ਤੋਂ ਸਾਫ ਇਨਕਾਰ ਕਰ ਦਿੱਤਾ। ਗੁਰੂ ਸਾਹਿਬ ਪੂਰਨ ਸੰਤ ਰੂਪ ਹੋਣ ਦੇ ਨਾਲ ਵੱਡੇ ਸੂਰਮੇ ਵੀ ਸਨ। ਉਨ੍ਹਾਂ ਨੂੰ ਮੌਤ ਦਾ ਭੈ ਨਹੀਂ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਕੁਰਬਾਨੀ ਦੇਣੀ ਠੀਕ ਸਮਝੀ ਪਰ ਉਹ ਸੱਚ ਦੇ ਮਾਰਗ ਤੋਂ ਪਿੱਛੇ ਨਹੀਂ ਹਟੇ। ਗੁਰੂ ਜੀ ਨੂੰ ਸ਼ਹੀਦ ਕਰਨ ਲਈ ਚੰਦੂ ਨੇ ਵੀ ਬਲਦੀ 'ਤੇ ਤੇਲ ਪਾਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਖੁਦ ਜਹਾਂਗੀਰ ਨੇ ਜਾਰੀ ਕੀਤਾ ਸੀ।

'ਤੁਜ਼ਕਿ ਜਹਾਂਗੀਰੀ' ਵਿਚ ਦਿੱਤਾ ਹਵਾਲਾ ਜਹਾਂਗੀਰ ਦੀ ਭਾਵਨਾ ਨੂੰ ਪ੍ਰਗਟ ਕਰਦਾ ਹੈ। ਇਸ ਵਿਚ ਦਰਜ ਹੈ, 'ਉਸ ਨੂੰ ਲੋਕ ਗੁਰੂ ਆਖਦੇ ਸਨ। ਹਰ ਪਾਸਿ ? ਮੂਰਖ ਅਤੇ ਮੂਰਖਾਂ ਦੇ ਪੁਜਾਰੀ ਉਸ ਵੱਲ ਧਾਹ ਕੇ ਆਉਂਦੇ ਸਨ ਅਤੇ ਉਸ ਉੱਤੇ ਪੂਰਾ ਈਮਾਨ ਲਿਆਉਂਦੇ ਸਨ। ਤਿੰਨ-ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਮੁੱਦਤਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਲਿਆਂਦਾ ਜਾਵੇ।' ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਅਤਿ ਸ਼ਾਂਤਮਈ ਸੀ।

ਉਨ੍ਹਾਂ ਦੀ ਬਾਣੀ ਵਿਚ ਸੁਖ-ਸ਼ਾਂਤੀ ਦੇ ਵਿਸ਼ੇ ਹੀ ਪ੍ਰਧਾਨ ਹਨ। ਇਸ ਦੇ ਬਾਵਜੂਦ ਗੁਰੂ ਜੀ ਨੂੰ ਯਾਸਾ ਦੇ ਅਧੀਨ ਤਸੀਹੇ ਦੇ ਕੇ ਮੌਤ ਦੀ ਸਜ਼ਾ ਦਾ ਹੁਕਮ ਕੀਤਾ ਗਿਆ ਸੀ। ਇਸ ਦਾ ਉਦੇਸ਼ ਸਿੱਖ ਧਰਮ ਦੇ ਵਿਕਾਸ ਨੂੰ ਰੋਕਣਾ ਅਤੇ ਗੁਰੂ ਸਾਹਿਬਾਨ ਤੋਂ ਲੋਕਾਂ ਦੇ ਵਿਸ਼ਵਾਸ ਨੂੰ ਖ਼ਤਮ ਕਰਨਾ ਸੀ। ਇਸ ਹੁਕਮ ਪਿੱਛੇ ਇਸਲਾਮ ਦੇ ਅਖੌਤੀ ਧਾਰਮਿਕ ਲੋਕਾਂ ਦੀ ਸੰਮਤੀ ਵੀ ਨਾਲ ਸੀ। ਇਸ ਵਿਚ ਕਾਜ਼ੀਆਂ ਮੁੱਲਾਂ ਤੋਂ ਇਲਾਵਾ ਨਕਸ਼ਬੰਦੀ ਫਿਰਕੇ ਦੇ ਮੁਖੀ ਸ਼ੇਖ ਅਹਿਮਦ ਸਰਹੰਦੀ ਵਰਗੀਆਂ ਇਸਲਾਮੀ ਧਾਰਮਿਕ ਹਸਤੀਆਂ ਦਾ ਵੀ ਹੱਥ ਹੋਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਗੁਰੂ ਜੀ ਨੂੰ ਅਤਿ ਕਸ਼ਟਦਾਇਕ ਤਸੀਹੇ ਦਿੱਤੇ ਗਏ। ਸਾਂਈਂ ਮੀਆਂ ਮੀਰ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਦਿੱਤੇ ਗਏ ਤਸੀਹਿਆਂ ਨੂੰ ਦੇਖ ਕੇ ਬਹੁਤ ਦੁਖੀ ਹੋਏ। ਉਨ੍ਹਾਂ ਨੇ ਗੁਰੂ ਜੀ ਤੋਂ ਦਿੱਲੀ ਸਰਕਾਰ ਅੱਗੇ ਰੋਸ ਪ੍ਰਗਟ ਕਰਨ ਦੀ ਮੰਗ ਕੀਤੀ। ਗੁਰੂ ਜੀ ਤੱਤੀ ਤਵੀ 'ਤੇ ਬੈਠ ਕੇ ਵੀ ਸ਼ਾਂਤ-ਚਿੱਤ ਅਤੇ ਅਡੋਲ ਸਨ। ਉਨ੍ਹਾਂ ਨੇ ਸਾਂਈਂ ਮੀਆਂ ਮੀਰ ਜੀ ਨੂੰ ਕਿਹਾ ਕਿ ਇਹ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਹੈ। ਭਾਣੇ ਵਿਚ ਰਹਿਣਾ ਹੀ ਪਰਮਾਤਮਾ ਦੀ ਖ਼ੁਸ਼ੀ ਹੈ। ਉਨ੍ਹਾਂ ਨੇ ਸੰਸਾਰ ਨੂੰ ਭਾਣੇ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਪ੍ਰਤੱਖ ਰੂਪ ਵਿਚ ਭਾਣਾ ਮੰਨ ਕੇ ਗੁਰਮੁਖ ਦੇ ਆਦਰਸ਼ ਨੂੰ ਸਾਕਾਰ ਕੀਤਾ:

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ (ਪੰਨਾ ੩੯੪)

ਭਾਰਤੀ ਪਰੰਪਰਾ ਵਿਚ ਇਹ ਪਹਿਲੀ ਸ਼ਹਾਦਤ ਸੀ, ਜੋ ਕਿਸੇ ਮਹਾਂਪੁਰਖ ਨੇ ਧਰਮ ਦੀ ਖ਼ਾਤਰ ਦਿੱਤੀ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ ਸਿਰਤਾਜ ਆਖਿਆ ਜਾਂਦਾ ਹੈ। ਪੰਚਮ ਪਾਤਸ਼ਾਹ ਜੀ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਮੇਰੀ ਸਮੂਹ ਸੰਗਤ ਨੂੰ ਅਪੀਲ ਹੈ ਕਿ ਆ ?! ਮਨੁੱਖੀ ਅਧਿਕਾਰਾਂ ਦੀ ਅਜ਼ਾਦੀ ਲਈ ਚੇਤੰਨ ਹੋ ਕੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ ਅਤੇ ਦਸਮ ਪਿਤਾ ਵੱਲੋਂ ਬਖਸ਼ਿਸ਼ ਖੰਡੇ-ਬਾਟੇ ਦਾ ਅੰਮ੍ਰਿਤ ਪਾਨ ਕਰ ਕੇ ਬਾਣੀ ਤੇ ਬਾਣੇ ਦੇ ਧਾਰਨੀ ਬਣੀਏ।


NOW OPENED In CLOVERDALE!!

SM essem textiles CO.





Fashion Fabrics, Suit Fabrics, Quilting Cottons, Sewing Notions, Sewing Patterns, Trims & Clothing

5625 176 St., Cloverdale, BC

Essem Textiles is a modern boutique fabric store that carries a range of fashion fabrics, quilting cottons and notions. We are located on the historic downtown Cloverdale strip. We carry fabrics at affordable prices such as cotton, knits, sequins, lace, satin, brocade, georgette, chiffon, net, velvet, men's suiting & more - come and see for youself! We can't wait to help you get started on your next project.

604-575-0071

Simina: simina@essemtextiles.com
Rajan: rajan@essemtextiles.com

Hours of Operation Mon-Fri: 10am - 6pm
Sat: 11am - 5pm Sun: closed



# ਸਮੇਂ ਦੀ ਸਹੀ ਵਰਤੋਂ ਕਰ ਰਹੀ ਹੈ ਯਾਮੀ

ਜਦੋਂ ਕਦੀ ਟੀ।ਵੀ। ਤੋਂ ਫ਼ਿਲਮਾਂ ਵਿਚ ਆ ਕੇ ਸਟਾਰ ਬਣਨ ਦੀ ਗੱਲ ਚਲਦੀ ਹੈ ਤਾਂ ਪਹਿਲਾ ਨਾਂਅ ਸ਼ਾਹਰੁਖ ਖਾਨ ਦਾ ਲਿਆ ਜਾਂਦਾ ਹੈ ਤੇ ਪਤਾ ਨਹੀਂ ਕਿਉਂ ਇਸ ਮਾਮਲੇ ਵਿਚ ਕਦੀ ਯਾਮੀ ਗੌਤਮ ਦਾ ਜ਼ਿਕਰ ਨਹੀਂ ਹੁੰਦਾ। ਆਖ਼ਰ ਉਹ ਵੀ ਤਾਂ ਲੜੀਵਾਰਾਂ ਰਾਹੀਂ ਫ਼ਿਲਮਾਂ ਵਿਚ ਆਈ ਹੈ। ਯਾਮੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਵਿਚ 'ਚਾਂਦ ਕੇ ਪਾਰ ਚਲੋਂ', 'ਯੇ ਪਿਆਰ ਨਾ ਹੋਗਾ ਕਮ' ਸਮੇਤ ਕੁਝ ਲੜੀਵਾਰ ਕੀਤੇ ਅਤੇ ਫਿਰ ਪੰਜਾਬੀ ਤੇ ਦੱਖਣ ਦੀਆਂ ਫ਼ਿਲਮਾਂ ਕੀਤੀਆਂ। ਉਸ ਤੋਂ ਬਾਅਦ ਉਹ 'ਵਿਕੀ ਡੋਨਰ' ਰਾਹੀਂ ਹਿੰਦੀ ਫ਼ਿਲਮਾਂ ਵਿਚ ਆਈ। ਇਨ੍ਹੀਂ ਦਿਨੀਂ ਤਾਲਾਬੰਦੀ ਦੀ ਵਜ੍ਹਾ ਕਰਕੇ ਯਾਮੀ ਚੰਡੀਗੜ੍ਹ ਵਿਚ ਆਪਣੇ ਪਰਿਵਾਰ ਵਾਲਿਆਂ ਨਾਲ ਰਹਿ ਰਹੀ ਹੈ। ਉਥੇ ਵੀ ਉਹ ਸਮੇਂ ਦੀ ਸਹੀ ਵਰਤੋਂ ਕਰ ਰਹੀ ਹੈ। ਉਹ ਫ਼ਿਲਮਾਂ ਦੀ ਪਟਕਥਾ ਪੜ੍ਹ ਰਹੀ ਹੈ ਅਤੇ ਕੁਝ ਫ਼ਿਲਮਾਂ ਫਾਈਨਲ ਕਰ ਰਹੀ ਹੈ। ਉਹ ਫ਼ਿਲਮਾਂ ਦੀ ਚੰਗੀ ਚੋਣ ਕਰ ਰਹੀ ਹੈ, ਕਿਉਂਕਿ ਉਹ ਜਾਣਦੀ ਹੈ ਕਿ 'ਵਿਕੀ ਡੋਨਰ', 'ਉਰੀ', 'ਬਾਲਾ' ਵਰਗੀਆਂ ਫ਼ਿਲਮਾਂ ਦੇ ਦਮ 'ਤੇ ਉਸ ਨੇ ਬਾਲੀਵੁੱਡ ਵਿਚ ਆਪਣਾ ਮੁਕਾਮ ਬਣਾਇਆ ਹੈ। ਯਾਮੀ ਦੀ 'ਭੂਤ ਪੁਲਿਸ', 'ਦਸਵੀਂ' ਅਤੇ 'ਲਾਪਤਾ' ਨਿਰਮਾਣ ਅਧੀਨ ਹਨ ਅਤੇ ਉਸ ਨੂੰ ਵਿਸ਼ਵਾਸ ਹੈ ਕਿ ਇਹ ਫ਼ਿਲਮਾਂ ਉਸ ਦਾ ਕਰੀਅਰ ਹੋਰ ਚਮਕਾਉਣ ਵਿਚ ਸਹਾਇਕ ਸਾਬਤ ਹੋਣਗੀਆਂ।

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.



# ਦਰਦ ਭਰੇ ਗੀਤਾਂ ਦਾ ਗਾਇਕ ਧਰਮਪ੍ਰੀਤ

ਪੰਜਾਬੀ ਸੋਲੋ ਗਾਇਕੀ ਦੇ ਖੇਤਰ 'ਚ ਮਰਹੂਮ ਗਾਇਕ ਧਰਮਪ੍ਰੀਤ ਦਾ ਚੰਗਾ ਨਾਂਅ ਸੀ। ਖ਼ਾਸ ਕਰਕੇ ਨੌਜਵਾਨ ਪੀੜ੍ਹੀ ਉਸ ਦੇ ਗੀਤਾਂ ਦੀ ਸ਼ੈਦਾਈ ਸੀ। ਉਦੋਂ ਕੈਸਿਟਾਂ ਦਾ ਯੁੱਗ ਸੀ। ਗਾਇਕ ਧਰਮਪ੍ਰੀਤ ਦੀ ਜਦ ਵੀ ਕੋਈ ਨਵੀਂ ਕੈਸੇਟ ਮਾਰਕੀਟ ਆਉਂਦੀ ਤਾਂ ਆਉਂਦਿਆਂ ਹੀ ਹੱਥੋ-ਹੱਥ ਵਿਕਣੀ ਸ਼ੁਰੂ ਹੋ ਜਾਂਦੀ। ਬੱਸ ਅੱਡਿਆਂ, ਬੱਸਾਂ, ਟਰੱਕਾਂ, ਟਰੈਕਟਰਾਂ 'ਤੇ ਉਸ ਦੇ ਦਰਦਮਈ ਆਵਾਜ਼ ਵਾਲੇ ਗੀਤ ਗੂੰਜਦੇ ਸੁਣਦੇ। ਬਾਅਦ 'ਚ ਟੀ।ਵੀ ਚੈਨਲਾਂ 'ਤੇ ਵੀ ਉਸਦੀ ਆਵਾਜ਼ 'ਚ ਗਾਏ ਗੀਤ ਅਕਸਰ ਸੁਣੇ ਅਤੇ ਵੇਖੇ ਜਾਂਦੇ। ਜ਼ਿਲ੍ਹਾ ਮੋਗਾ ਦੇ ਪਿੰਡ ਬਿਲਾਸਪੁਰ ਵਿਖੇ 9 ਜੁਲਾਈ, 1973 'ਚ ਉਸ ਦਾ ਜਨਮ ਪਿਤਾ ਜਗਰੂਪ ਸਿੰਘ ਅਤੇ ਮਾਤਾ ਬਲਵੀਰ ਕੌਰ ਦੇ ਘਰ ਹੋਇਆ। ਵਾਰਾਂ ਗਾਉਂਦੇ ਸਮੇਂ ਜਦ ਇਕ ਦਿਨ ਉਸ ਨੂੰ ਪ੍ਰਸਿੱਧ ਢਾਡੀ ਗੁਰਬਖ਼ਸ਼ ਸਿੰਘ ਅਲਬੇਲਾ ਨੇ ਸੁਣਿਆ ਤਾਂ ਉਨ੍ਹਾਂ ਉਸ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਇਵੇਂ ਹੀ ਗਾਇਕ ਧਰਮਪ੍ਰੀਤ ਇਕ ਦਿਨ ਪ੍ਰਸਿੱਧ ਪੇਸ਼ਕਾਰ ਤੇ ਗੀਤਕਾਰ ਭਿੰਦਰ ਡੱਬਵਾਲੀ ਦੇ ਸੰਪਰਕ 'ਚ ਆ ਗਿਆ। ਉਨ੍ਹਾਂ ਦੀ ਟੀਮ 'ਚ ਰਲ ਕੇ ਜਦ ਧਰਮਪ੍ਰੀਤ ਦੀ ਪਹਿਲੀ ਕੈਸਿਟ 'ਦਿਲ ਨਾਲ ਖੇਡਦੀ ਰਹੀ' ਮਾਰਕੀਟ 'ਚ ਆਈ ਤਾਂ ਬਹੁਤ ਜ਼ਿਆਦਾ ਵਿਕੀ ਅਤੇ ਹਰ ਪਾਸੇ ਧਰਮਪ੍ਰੀਤ ਦਾ ਨਾਂਅ ਵੱਜਣ ਲੱਗ ਪਿਆ। 'ਐਨਾ ਕਦੇ ਵੀ ਨੀ ਰੋਇਆ', 'ਟੁੱਟੇ ਦਿਲ ਨੀਂ ਜੁੜਦੇ', 'ਡਰ ਲੱਗਦੈ ਵਿਛੜਨ ਤੋਂ', 'ਚੁਨੀਆਂ ਨੂੰ ਗੋਟੇ', 'ਸਾਉਣ ਦੀਆਂ ਝੜੀਆਂ', 'ਲਾ ਕੇ ਰੋਗ ਇਸ਼ਕੇ ਦਾ', 'ਅੱਜ ਸਾਡਾ ਦਿਲ ਤੋੜਤਾ' ਅਤੇ ਕਈ ਹੋਰ ਕੈਸਿਟਾਂ ਮਾਰਕੀਟ 'ਚ ਆਈਆਂ, ਜਿਨ੍ਹਾਂ ਦੇ ਟਾਈਟਲ ਗੀਤਾਂ ਸਮੇਤ ਹੋਰ ਗੀਤ ਵੀ ਪੂਰੇ ਮਕਬੂਲ ਹੋਏ।

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

**Quality Work, Free Estimates**

**Best Price**

**Sarbjit: 604.841.9849**

SKY BLUE DRYWALL LTD.

Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



**Daljit Singh**

**778-549-3605**

E: singh.mand@icloud.com

# ਸ਼ੋਰ ਸਾਈਡ ਫਿਸ਼ ਕੈਨਰੀ

**Students can also apply**

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ



**Forklift drivers needed**

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ


ਕਲਾਸ 4 ਦੇ ਡਰਾਈਵਰਾਂ ਦੀ ਲੋੜ ਹੈ।

ਕੰਮ ਤੇ ਹੁਣੇ ਜਾਣ ਲਈ ਫੋਨ ਕਰੋ:

**Ph: 604-244-1118**

**Fax: 604-270-3075**

# ਬਿੱਗ 'ਬੀ' ਵੱਲੋਂ ਕੋਵਿਡ ਸਬੰਧੀ ਢਿੱਲ ਨਾ ਵਰਤਣ ਦੀ ਸਲਾਹ



ਮੁੰਬਈ-ਬੌਲੀਵੁੱਡ ਸਟਾਰ ਅਮਿਤਾਭ ਬੱਚਨ ਨੇ ਸੋਸ਼ਲ ਮੀਡੀਆ ਵਰਤਣ ਵਾਲਿਆਂ ਨੂੰ ਯਾਦ ਦਿਵਾਇਆ ਕਿ ਭਾਵੇਂ ਪਾਬੰਦੀਆਂ ਹਟਾਈਆਂ ਜਾ ਰਹੀਆਂ ਹਨ, ਪਰ ਉਨ੍ਹਾਂ ਨੂੰ ਕੋਵਿਡ ਨਾਲ ਸਬੰਧਤ ਹਦਾਇਤਾਂ ਬਾਰੇ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ। ਅਮਿਤਾਭ ਬੱਚਨ ਨੇ ਮੰਗਲਵਾਰ ਨੂੰ ਟਵੀਟ ਕੀਤਾ, 'ਹਾਲਾਂਕਿ ਕੁਝ ਥਾਵਾਂ ਤੇ ਕੋਵਿਡ ਕੇਸਾਂ ਵਿੱਚ ਕਮੀ ਵੇਖੀ ਜਾ ਸਕਦੀ ਹੈ। ਕ੍ਰਿਪਾ ਕਰਕੇ ਫੇਰ ਵੀ ਢਿੱਲ ਨਾ ਵਰਤੋ...। ਹਦਾਇਤਾਂ ਦੀ ਪਾਲਣਾ ਕਰੋ।। ਹੱਥ ਧੋਵੋ, ਮਾਸਕ ਪਾ?, ਸਮਾਜਿਕ ਦੂਰੀ ਬਣਾ ਕੇ ਰੱਖੋ, ਜ਼ਰੂਰੀ ਹੋਣ ਤੇ ਹੀ ਸਫ਼ਰ ਕਰੋ, ਸਮੇਂ ਦੀ ਪਾਲਣਾ ਕਰੋ ਤੇ ਟੀਕਾਕਰਨ ਕਰਵਾਓ। ਇੱਕ ਦਿਨ ਪਹਿਲਾਂ ਹੀ ਬਿੱਗ ਬੀ ਨੇ ਇਸ ਵਿਸ਼ੇ ਬਾਰੇ ਬਲਾਗ ਵੀ ਲਿਖਿਆ ਸੀ ਕਿ 'ਸੁਰੱਖਿਅਤ ਰਹੋ । ਢਿੱਲ ਦਾ ਮਤਲਬ ਇਹ ਮਹਿਸੂਸ ਨਾ ਕਰੋ ਕਿ ਸਭ ਕੁਝ ਠੀਕ ਹੈ ।... ਨਹੀਂ। ਸਾਨੂੰ ਸਾਰੀਆਂ ਲੋੜੀਂਦੀਆਂ ਸਾਵਧਾਨੀਆਂ ਨੂੰ ਜਾਰੀ ਰੱਖਣਾ ਚਾਹੀਦਾ ਹੈ। ਹੱਥ ਧੋਵੋ, ਮਾਸਕ ਪਹਿਨਣ ਦੇ ਨਾਲ-ਨਾਲ ਦੂਰੀ ਬਣਾ ਕੇ ਰੱਖੋ। ਉਨ੍ਹਾਂ ਸੋਮਵਾਰ ਨੂੰ ਇੱਕ ਬਲਾਗ ਪੋਸਟ ਵਿੱਚ ਜ਼ਿਕਰ ਕੀਤਾ ਕਿ ਜੇ ਕੰਮ ਦੀ ਇਜਾਜ਼ਤ ਹੈ ਤਾਂ ਟੀਕਾਕਰਨ ਕਰਵਾ?, ਪਰ ਸਾਵਧਾਨੀ ਵਰਤੋ ਤੇ ਡਾਕਟਰਾਂ ਵੱਲੋਂ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਕਰੋ। ਉਨ੍ਹਾਂ ਕਿਹਾ, 'ਫਰੰਟਲਾਈਨ ਯੋਧੇ ਦ੍ਰਿੜ ਅਤੇ ਮਜ਼ਬੂਤ ਖੜ੍ਹੇ ਹਨ। ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਰੋਨਾ ਪੀੜਤਾਂ ਲਈ ਪ੍ਰਾਰਥਨਾ ਵੀ ਕੀਤੀ।

# ਸ਼ਾਹਰੁਖ ਨਾਲ ਮੇਰੀ ਤੁਲਨਾ ਸਹੀ ਨਹੀਂ-ਸੈਫ਼ ਅਲੀ ਖ਼ਾਨ



ਸੈਫ਼ ਅਲੀ ਖ਼ਾਨ ਖ਼ੁਦ ਇਹ ਕਬੂਲ ਕਰਦੇ ਹਨ ਕਿ ਅਦਾਕਾਰੀ ਦੇ ਮਾਮਲੇ ਵਿਚ ਉਹ ਸ਼ਾਹਰੁਖ ਦੇ ਮੁਕਾਬਲੇ ਕਿਤੇ ਛੋਟੇ ਹਨ। ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੇ ਇਹ ਵੀ ਪ੍ਰਗਟਾ ਦਿੱਤਾ ਹੈ ਕਿ ਉਸ ਨੇ ਖ਼ੁਦ ਬਾਰੇ ਕੋਈ ਗ਼ਲਤ ਫ਼ਹਿਮੀ ਨਹੀਂ ਪਾਲ ਰੱਖੀ। ਸ਼ਾਹਰੁਖ ਦਾ ਜ਼ਿਕਰ ਹੋਣ 'ਤੇ ਛੋਟੇ ਨਵਾਬ ਨੇ ਕਿਹਾ, 'ਪਹਿਲੀ ਗੱਲ ਤਾਂ ਇਹ ਕਿ ਸ਼ਾਹਰੁਖ ਨਾਲ ਮੇਰੀ ਤੁਲਨਾ ਸਹੀ ਨਹੀਂ। ਮੇਰਾ ਉਨ੍ਹਾਂ ਨਾਲ ਕੋਈ ਮੁਕਾਬਲਾ ਵੀ ਨਹੀਂ। ਮੈਂ ਕਈ ਵਾਰ ਕਹਿ ਚੁੱਕਿਆ ਹਾਂ ਕਿ ਸ਼ਾਹਰੁਖ ਨੇ ਅਭਿਨੈ ਦੇ ਮਾਮਲੇ ਵਿਚ ਜੋ ਵੱਖ-ਵੱਖ ਕਲਾਵਾਂ ਪੇਸ਼ ਕੀਤੀਆਂ ਹਨ, ਉਹ ਆਪਣੇ-ਆਪ ਵਿਚ ਗਜ਼ਬ ਹਨ। ਉਨ੍ਹਾਂ ਨੇ ਕਈ ਇਸ ਤਰ੍ਹਾਂ ਦੀਆਂ ਫ਼ਿਲਮਾਂ ਦਿੱਤੀਆਂ ਹਨ ਜੋ ਸਦਾ ਬਹਾਰ ਬਣ ਗਈਆਂ ਹਨ। ਜਦੋਂ ਮੈਂ 'ਏਕ ਹਸੀਨਾ ਸੀ' ਵਿਚ ਨਾਂਹਪੱਖੀ ਭੂਮਿਕਾ ਨਿਭਾ ਰਿਹਾ ਸੀ ਉਦੋਂ ਮਨ ਵਿਚ ਇਹ ਡਰ ਵੀ ਸੀ ਕਿ ਕਿਤੇ ਲੋਕ ਮੇਰੀ ਤੁਲਨਾ 'ਅੰਜਾਮ', 'ਡਰ' ਜਾਂ 'ਬਾਜ਼ੀਗਰ' ਦੇ ਸ਼ਾਹਰੁਖ ਨਾਲ ਨਾ ਕਰ ਲੈਣ। ਮੈਂ ਆਪਣੇ ਵਲੋਂ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੈਂ ਆਪਣੇ ਵਲੋਂ ਸ਼ਾਹਰੁਖ ਤੋਂ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮੈਂ ਸ਼ਾਹਰੁਖ ਨਾਲ ਆਪਣੀ ਤੁਲਨਾ ਹੋਣ ਤੋਂ ਬਚ ਗਿਆ।




# ਬੇਰੁਜ਼ਗਾਰੀ ਕਾਰਨ ਮੈਂ ਟੈਕਸ ਅਦਾ ਨਹੀਂ ਕਰ ਸਕੀ-ਕੰਗਨਾ

ਮੁੰਬਈ-ਅਦਾਕਾਰਾ ਕੰਗਨਾ ਰਣੌਤ ਦਾ ਕਹਿਣਾ ਹੈ ਕਿ ਬੌਲੀਵੁੱਡ ਵਿੱਚ 'ਸਭ ਤੋਂ ਮਹਿੰਗੀ ਅਦਾਕਾਰਾ ਹੋਣ ਦੇ ਬਾਵਜੂਦ ਉਹ ਸਮੇਂ ਸਿਰ ਟੈਕਸ ਅਦਾ ਨਹੀਂ ਕਰ ਸਕੀ ਕਿਉਂਕਿ ਉਸ ਕੋਲ ਕੰਮ ਨਹੀਂ ਸੀ। 34 ਸਾਲਾ ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ ਖਾਤੇ ਰਾਹੀਂ ਮੰਗਲਵਾਰ ਰਾਤ ਨੂੰ ਕਿਹਾ ਕਿ ਉਸ ਨੇ ਟੈਕਸ ਦੀ ਅੱਧੀ ਰਕਮ ਹਾਲੇ ਅਦਾ ਕਰਨੀ ਹੈ। ਉਸ ਨੇ ਲਿਖਿਆ, 'ਭਾਵੇਂ ਮੈਂ ਟੈਕਸ ਦੀ ਸਭ ਤੋਂ ਉੱਪਰਲੀ ਸਲੈਬ ਵਿੱਚ ਆਉਂਦੀ ਹਾਂ ਤੇ 45 ਫ਼ੀਸਦੀ ਟੈਕਸ ਅਦਾ ਕਰਦੀ ਹਾਂ, ਭਾਵੇਂ ਮੈਂ ਸਭ ਤੋਂ ਵੱਧ ਟੈਕਸ ਅਦਾ ਕਰਨ ਵਾਲੀ ਅਦਾਕਾਰਾ ਹਾਂ ਪਰ ਕੰਮ ਨਾ ਹੋਣ ਕਰਕੇ ਮੈਂ ਪਿਛਲੇ ਟੈਕਸ ਦੀ ਅੱਧੀ ਰਕਮ ਹੀ ਅਦਾ ਕੀਤੀ ਹੈ ਅਤੇ ਇਹ ਮੇਰੀ ਜ਼ਿੰਦਗੀ ਚ ਪਹਿਲੀ ਵਾਰ ਹੋਇਆ ਹੈ ਕਿ ਮੈਂ ਟੈਕਸ ਦੇਣ ਵਿੱਚ ਦੇਰੀ ਕੀਤੀ ਹੈ। ਕੰਗਨਾ, ਜੋ ਕਿ ਹਾਲ ਹੀ ਵਿੱਚ ਕਰੋਨਾਵਾਇਰਸ ਤੋਂ ਸਿਹਤਯਾਬ ਹੋਈ ਹੈ, ਨੇ ਕਿਹਾ ਕਿ ਸਰਕਾਰ ਉਸ ਤੋਂ ਬਕਾਇਆ ਰਾਸ਼ੀ ਤੇ ਵਿਆਜ ਵਸੂਲ ਰਹੀ ਹੈ ਪਰ ਉਹ ਇਸ ਕਦਮ ਦਾ ਸਵਾਗਤ ਕਰਦੀ ਹੈ।



# ਸੁਸ਼ਾਂਤ ਆਪਣੀ ਭੈਣ ਤੇ ਜੀਜੇ ਨਾਲ ਗਾਂਜਾ ਲੈਂਦਾ ਸੀ-ਰੀਆ ਚੱਕਰਵਰਤੀ

ਮੁੰਬਈ-ਬੌਲੀਵੁੱਡ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਵਿਚ ਨਵਾਂ ਖੁਲਾਸਾ ਹੋਇਆ ਹੈ। ਨਾਰਕੋਟਿਸ ਕੰਟਰੋਲ ਬਿਊਰੋ ਨੇ ਦਾਖਲ ਕੀਤੀ ਚਾਰਜਸ਼ੀਟ ਵਿਚ ਰੀਆ ਚੱਕਰਵਰਤੀ ਦਾ ਉਹ ਬਿਆਨ ਵੀ ਨੱਥੀ ਕੀਤਾ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਸੁਸ਼ਾਂਤ ਆਪਣੀ ਭੈਣ ਤੇ ਜੀਜੇ ਨਾਲ ਗਾਂਜਾ ਲੈਂਦਾ ਸੀ। ਰੀਆ ਨੇ ਸੁਸ਼ਾਂਤ ਦੇ ਪਰਿਵਾਰ ਉਤੇ ਗੰਭੀਰ ਦੋਸ਼ ਲਾਏ ਕਿ ਪਰਿਵਾਰ ਨੂੰ ਪਹਿਲਾਂ ਹੀ ਪਤਾ ਸੀ ਕਿ ਸੁਸ਼ਾਂਤ ਉਤੇ ਨਸ਼ਾ ਭਾਰੂ ਹੋ ਗਿਆ ਹੈ। ਰੀਆ ਅਨੁਸਾਰ ਜਦ ਸੁਸ਼ਾਂਤ ਦੀ ਸਿਹਤ ਵਿਗੜਨ ਲੱਗੀ ਤਾਂ ਉਸ ਦਾ ਭਰਾ ਸ਼ੋਵਿਕ ਉਸ ਨੂੰ ਹਸਪਤਾਲ ਲਿਜਾਣਾ ਚਾਹੁੰਦਾ ਸੀ ਪਰ ਸੁਸ਼ਾਂਤ ਨੇ ਹਸਪਤਾਲ ਵਿਚੋਂ ਇਲਾਜ ਕਰਵਾਉਣ ਤੋਂ ਸਾਫ ਮਨ੍ਹਾ ਕਰ ਦਿੱਤਾ।




# SACHKHAND TRAVELS PVT LTD!!!



## INDIA TO TORONTO/ VANCOUVER VIA SERBIA STARTS FR ONLY ₹125,000/ CAD 2050

## INDIA TO TORONTO/ VANCOUVER/ MONTREAL VIA MEXICO CITY STARTS FR ₹185,000/ CAD 3050




✓ Economy Class Airfare ✓ 02 PC Baggage ✓ 02 Nights in 4* Hotels ✓ Daily Breakfast ✓ RTPCR test at Mexico Airport ✓ 50,000 USD Travel Insurance for 14 days for Passengers below 40 years ✓ All Taxes

## CALL US FOR YOUR QUERIES:

## SACHKHAND TRAVELS PVT LTD!!!

### IATA SINCE 1997

IATA
International Air Transport Association
(IATA)

ADDRESS: B-5 DDA MARKET, LOCAL SHOPPING COMPLEX,
NEW RAJINDER NAGAR NEW DELHI-110060 INDIA
E-MAIL ID: JAIDEEP@SACHKHANDTRAVELS.COM

## CALL OR WHATSAPP ON: +91-9811697488


Rajan MANGOES
exclusively available
at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$10.98 BOX
*Number of pieces depends on the weight
Yellow Onions 50 lbs
ਪੀਲੇ ਗੰਢੇ
$9.98 bag
Desi Karela
ਦੇਸੀ ਕਰੇਲਾ
$1.49 lb
Zucchini Squash
ਜ਼ੁਕੀਨੀ ਸਕੁਐਸ਼
68¢ lb
Sunbec Table Salt 1 kg
ਸਨਬੈੱਕ ਲੂਣ
99¢ lb
Pink Lady Apples
ਪੀਂਕ ਲੇਡੀ ਐਪਲ
88¢ lb
Red Seedless Grapes
ਲਾਲ ਅੰਗੂਰ (ਬਿਨਾਂ ਬੀਜ ਤੋਂ)
$1.49 lb
Seedless Watermelons
ਬਿਨਾਂ ਬੀਜ ਹਦਵਾਣਾ
59¢ lb
Extra Super Super Special
Golden Temple Flour 20 lbs
ਗੋਲਡਨ ਟੈਂਪਲ ਆਟਾ
$8.99 bag
Extra Super Super Special
Okra Extra Fancy
ਭਿੰਡੀ ਐਕਸਟਰਾ ਫੈਂਸੀ
$1.99 lb
Super Special
Spinach
ਪਾਲਕ
2 bunches for $1.59
Super Special
Fresh Methi
ਤਾਜ਼ਾ ਮੇਥੀ
99¢ bunch
Super Special
Jumbo Cauliflower
ਵੱਡਾ ਗੋਭੀ ਦਾ ਫੁੱਲ
$1.99 ea.
Super Special
Cilantro
ਧਨੀਆ
3 bunches for 99¢
Super Special
Green Seedless Grapes
ਹਰੇ ਅੰਗੂਰ (ਬਿਨਾਂ ਬੀਜ ਤੋਂ)
99¢ lb
Super Special
Round Tomatoes
ਗੋਲ ਟਮਾਟਰ
98¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Red Delicious Apples
ਲਾਲ ਸਵਾਦ ਸੇਬ
98¢ lb
Fresh Garlic
ਤਾਜ਼ਾ ਲਸਣ
99¢ lb
Rapini (Sarson da Saag)
ਸਰਸੋਂ ਦਾ ਸਾਗ
$1.99 bunch
Red Onions 25 lbs
ਲਾਲ ਗੰਢੇ
$10.98 bag
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.99 bag
Pesi Gur Plain
ਪੇਸ਼ੀ ਗੁੜ
$2.49 lb
Almonds
ਬਦਾਮ
$3.98 lb
Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
KTC Pomace Olive Oil 3L
ਕੇ.ਟੀ.ਸੀ ਜੈਤੂਨ ਪੋਮੇਸ ਦਾ ਤੇਲ
$9.98 ea.
Product images may differ from the actual product.
Fri June 11, 2021 - Wed June 16, 2021
We reserve the right to limit the quantities while they last
fruiticana hee jaana!
NEW LOCATION OPENING SOON
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. -------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ----------------- 604-372-2023
Surrey ------------ 101-7228 192St. --------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd. ------------------ 604-244-9520